ਸਰਪ੍ਰਸਤ ਗੁਰਬੰਸੀ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ

ਮਾਸਕ ਪੱਤਰ

# ਅਜੂਨੀ

ਬਾਬਾ ਬਿਕ੍ਰਮਾ ਸਿੰਘ ਅੰਕ

ਜੁਲਾਈ-ਅਗੱਸਤ 1972

## ਗੁਰੂ ਨਾਨਕ ਪਾਤਸ਼ਾਹ ਦੀ ਅੰਸ
## ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ ਬੇਦੀ, ਊਨਾ ਸਾਹਿਬ
## ਅਣਖੀਲਾ ਬਾਬਾ



ਸਿਖ ਰਾਜ ਦੇ ਹਰਤਾ ਕਰਤਾ—ਜਿਨ੍ਹਾਂ ਨੇ ਦੇਸ਼ ਤੇ ਕੌਮ ਦੀ ਆਜ਼ਾਦੀ ਲਈ ਆਪਾ ਵਾਰਿਆ । ਅੰਗ੍ਰੇਜ਼ ਦੀ ਗੁਲਾਮੀ ਕਬੂਲ ਨਹੀਂ ਕੀਤੀ ਤੇ ਅੰਤਮ ਸਮੇਂ ਤਕ 14 ਸਾਲ ਅੰਗ੍ਰੇਜ਼ ਦੀ ਨਜ਼ਰਬੰਦੀ ਵਿਚ ਰਹੇ ।

# ਲੇਖ-ਸੂਚੀ


| | | | |
|---|---|---|---|
| 1. | ਸੰਪਾਦਕੀ | ਸੰਪਾਦਕ | 2 |
| 2. | ਖਾਲਸਾ ਧਰਮ ਸ਼ਾਸਤਰ | ... ... ... ... | 4 |
| 3. | ਬੇਦੀਆਂ ਦੀ ਬੰਸ | ਗਿ. ਦਇਆ ਸਿੰਘ ਦਿਲਬਰ | 8 |
| 4. | ਗੁਰੂ ਨਾਨਕ ਗੁਨ ਗਾਵਉ | ... ... ... ... | 10 |
| 5. | ਬਾਬਾ ਸਾਹਿਬ ਸਿੰਘ ਜੀ ਬੇਦੀ ਦਾ ਦਰਬਾਰ | ਗਿ. ਦਇਆ ਸਿੰਘ ਦਿਲਬਰ | 14 |
| 6. | ਜਨਮ ਸਾਖੀ | ਸੰਪਾਦਕ ਪ੍ਰੋ. ਕਿਰਪਾਲ ਸਿੰਘ | 16 |
| 7. | ਮੈਂ ਖਾਧਾ ਇਕ ਰੋਠਾ ਦਾਤਿਆ | ਗਿ. ਦਇਆ ਸਿੰਘ ਦਿਲਬਰ | 20 |
| 8. | ਇਤਿਹਾਸ ਬਾਬਾ ਸਾਹਿਬ ਸਿੰਘ ਜੀ ਬੇਦੀ | ਸੰਪਾਦਕ ਡਾ. ਗੰਡਾ ਸਿੰਘ | 21 |
| 9. | ਕੀਰਤਨ ਨਾਮ ਦੀ ਮਹਿਮਾ | ਗਿ. ਦਇਆ ਸਿੰਘ ਦਿਲਬਰ | 23 |
| 10. | ਘਰ ਗੁਰੂ ਨਾਨਕ | ਬਾਬਾ ਮਧੁਸੂਦਨ ਸਿੰਘ ਜੀ ਬੇਦੀ | 24 |
| 11. | ਜੀਵਨ-ਸਾਚ | ਸ. ਬਲਵੰਤ ਸਿੰਘ 'ਨੂਰ' | 31 |
| 12. | ਸ੍ਰੀ ਬੀਰ ਮ੍ਰਿਗੇਸ਼ ਗੁਰ ਬਿਲਾਸ | ਡਾ. ਵੀਰ ਸਿੰਘ | 32 |
| 13. | Guru Nanak's Family's Importance with Sikh Community | by Shri Hazur Baba Madhusudan Singh Bedi. | 40 |
| 14. | Freedom Struggle 'Who's Who's' (Punjab) | | 41 |
| 15. | Copy of Letters received from Director Arcties New Delhi | | 46 |
| 16. | List of Villages held by Baba Bikrama Singh Ji Bedi | | 50 |
| 17. | Punjab's Pioneers Freedom Fighters | By S. Kirpal Singh | 56 |
| 18. | ਸੰਪ੍ਰਦਾਇਕ ਸਮਾਚਾਰ | | 63 |



ਚੰਦਾ ਦੇਸ : 6-00 ਰੁਪਏ
ਪ੍ਰਦੇਸ : 12-00 ਰੁਪਏ

ਮਾਲਕ, ਪ੍ਰਕਾਸ਼ਕ ਅਤੇ ਛਾਪਕ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ, ਮਨਸੂਰਾਂ (ਲੁਧਿਆਣਾ) ਨੇ (ਪੰਜਾਬੀ ਸਾਹਿੱਤ) ਅਕਾਡਮੀ ਪ੍ਰੈਸ, ਪੰਜਾਬੀ ਭਵਨ, ਲੁਧਿਆਣਾ ਤੋਂ ਛਪਵਾ ਕੇ, ਦਫ਼ਤਰ 'ਅਜੂਨੀ' ਮਨਸੂਰਾਂ ਤੋਂ ਪ੍ਰਕਾਸ਼ਤ ਕੀਤਾ ।

## ਗੁਰੂ ਨਾਨਕ ਪਾਤਸ਼ਾਹ ਆਪਣੇ ਸਾਹਿਬਜ਼ਾਦਿਆਂ ਸਮੇਤ

ਜਿਨ੍ਹਾਂ ਦੇ ਸਪੁੱਤਰ ਬਾਬਾ ਬਿਕ੍ਰਮਾ ਸਿੰਘ ਜੀ ਦੀ ਬਰਸੀ ਮਨਾਈ ਜਾ ਰਹੀ ਹੈ ।



ਬਾਬਾ ਸ੍ਰੀਚੰਦ ਜੀ॥ ਸ੍ਰੀ ਗੁਰੂ ਨਾਨਕ ਦੇਵ ਜੀ॥ ਬਾਬਾ ਲਖਮੀਦਾਸ ਜੀ॥

## ਦਰਬਾਰ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ

ਜਿਸ ਵਿਚ ਆਪ ਜੀ ਦੇ ਸਾਹਿਬਜ਼ਾਦੇ ਅਤੇ ਆਪ ਦੇ ਸੇਵਕ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਅਤੇ ਹੋਰ ਨਿਰਮਲੇ ਅਤੇ ਸੇਵਾ ਪੰਥੀ ਮਹਾਤਮਾ ਦਰਸਾਏ ਗਏ ਹਨ ।



| ੧ | ੨ | ੩ | ੪ |
|---|---|---|---|
| ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿਘ ਜੀ ਦਰਬਾਰ ਵਿਚ | ਸੇਵਾ ਪੰਥੀ ਸੰਪ੍ਰਦਾਇ ਦੇ ਮੁਖੀ | ਰਾਜ ਯੋਗ ਦੇ ਮਾਲਕ, ਸਿਖ ਕੌਮ ਦੇ ਉਸਰਈਏ ਸਿਖ ਰਾਜ ਦੇ ਹਰਤਾ ਕਰਤਾ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ | ਸ੍ਰੀ ਹਜ਼ੂਰ ਦੇ ਸਪੁੱਤ੍ਰ : 1 ਸ੍ਰੀ ਬਾਬਾ ਬਿਸ਼ਨ ਸਿੰਘ ਜੀ 2 ਸ੍ਰੀ ਬਾਬਾ ਤੇਗ ਸਿੰਘ ਜੀ 3 ਸ੍ਰੀ ਬਾਬਾ ਬਿਕ੍ਰਮਾ ਸਿੰਘ ਜੀ |

੫ ਸ੍ਰੀ ਹਜ਼ੂਰ ਦੇ ਪੋਤਰੇ : 1 ਸ੍ਰੀ ਬਾਬਾ ਅਤਰ ਸਿੰਘ ਜੀ 2 ਸ੍ਰੀ ਬਾਬਾ ਸੂਰਜ ਸਿੰਘ ਜੀ 3 ਸ੍ਰੀ ਬਾਬਾ ਸੁਜਾਨ ਸਿੰਘ ਜੀ

੬ ਚੌਰ ਬਰਦਾਰ ਸ੍ਰੀ ਮਾਨ ਸੰਤ ਵੀਰ ਸਿੰਘ ਜੀ ਨਰੰਗਾਬਾਦ ਵਾਲੇ ਅਤੇ ਹੋਰ ਨਿਰਮਲੇ ਮਹਾਤਮਾ ।

ਬਾਬਾ ਮਧੁਸੂਦਨ ਸਿੰਘ ਜੀ ਬੇਦੀ
ਗੱਦੀ ਨਸ਼ੀਨ, ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ ਦੀ
ਸਰਪ੍ਰੱਸਤੀ ਹੇਠ ਛਪਣ ਵਾਲਾ

ਮਾਸਕ ਪੱਤਰ

# ਅਜੂਨੀ

ਮਨਸੂਰਾਂ (ਲੁਧਿਆਣਾ)

## ਬਾਬਾ ਬਿਕ੍ਰਮਾ ਸਿੰਘ ਅੰਕ

ਸਾਲ ੪ | ਜੁਲਾਈ-ਅਗੱਸਤ, ੧੯੭੨ | ਅੰਕ ੧

੧ ਭਾਦੋਂ, ਸੰਮਤ ਬਿਕ੍ਰਮੀ ੨੦੨੯, ਨਾਨਕਸ਼ਾਹੀ ੫੦੩

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥
ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥
ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥
ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥
ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥
ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥
ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥੭॥

# ਸੰਪਾਦਕੀ

(ਹਰ ਮਹੀਨੇ ਸੰਪਾਦਕ ਬਾਬਾ ਮਧੁਸੂਦਨ ਸਿੰਘ ਜੀ ਦੀ ਕਲਮ ਹੇਠ ਲਿਖਿਆ ਜਾਂਦਾ ਹੈ)

ਅਜ ਮਾਇਆ ਮੁਖ ਹੋ ਗਈ ਹੈ, ਇਸ ਕਲਜੁਗ ਦੇ ਸਮੇ ਦਾ ਰਾਜਾ ਚਾਹੁੰਦਾ ਹੈ, ਗਰੀਬੀ ਹਟਾ ਦੇਵਾਂ, ਪਰ ਹਟਾਣ ਦਾ ਢੰਗ—ਜਿਨ੍ਹਾਂ ਪਾਸ ਦਾਤੇ ਦੇ ਦਿਤੇ ਹੋਏ ਸੁਖ ਹਨ "ਉਨ੍ਹਾਂ ਪਾਸੋਂ ਖੋਹ ਲਵਾਂ ਤੇ ਹੋ ਸਕਿਆ ਤਾਂ ਵੰਡ ਦੇਵਾਂ ਜਾਂ ਰਾਜਾ ਹੀ ਪਾਸ ਰਖ ਲਵੇ।" "ਜਥਾ ਰਾਜਾ ਤਥਾ ਪ੍ਰਜਾ"

ਪ੍ਰਜਾ ਦੁਖੀ ਹੋ ਰਹੀ ਹੈ, ਜ਼ਮੀਂਦਾਰ ਆਪਣੀ ਜ਼ਿਮੀਨ ਨੂੰ ਰਖਣ ਲਈ ਕਈ ਕਰਤੂਤਾਂ ਜਾਇਜ਼ ਨਜਾਇਜ਼ ਕਰ ਰਿਹਾ ਹੈ, ਸ਼ਹਿਰੀ ਜਾਇਦਾਦ ਵਾਲੇ ਨੂੰ ਫ਼ਿਕਰ ਪੈ ਗਿਆ ਹੈ, ਮਿਲਾਂ ਵਾਲੇ ਨਠੇ ਫਿਰਦੇ ਹਨ, ਤੇ ਜਿਨ੍ਹਾਂ ਕੋਲ ਬਹੁਤਾ ਰੁਪਿਆ ਹੈ, ਉਹ ਉਸ ਦੀ ਸੰਭਾਲ ਦੀ ਫ਼ਿਕਰ ਵਿਚ ਹਨ। ਹਰ ਕੋਈ ਦੁਖੀ ਤੇ ਚਿੰਤਾ ਵਿਚ ਹੈ।

ਜਿਸ ਗ੍ਰਿਹਿ ਬਹੁਤ ਤਿਸੈ ਗ੍ਰਿਹਿ ਚਿੰਤਾ।
ਜਿਸ ਗ੍ਰਿਹਿ ਥੋੜੀ ਸੋ ਫਿਰੈ ਭਰਮੰਤਾ॥

ਬਡੇ ਬਡੇ ਜੋ ਦੀਸਹਿ ਲੋਗ।
ਤਿਨ ਕਉ ਬਿਆਪੈ ਚਿੰਤਾ ਰੋਗ॥

ਕੀ ਫਿਕਰਾਂ ਨਾਲ, ਤੇ ਹੇਰਾ-ਫੇਰੀਆਂ ਨਾਲ ਬਚ ਸਕਾਂਗੇ, ਤੇ ਮਾਇਆ ਨੂੰ ਸੁਖ ਦਾ ਸਾਧਨ ਬਣਾਈ ਰਖਾਂਗੇ ? ਮਾਇਆ ਨੇ ਕਦੇ ਕਿਸੇ ਨੂੰ ਸੁਖ ਨਹੀਂ ਦਿਤਾ। ਗੁਰਮਤਿ—ਗੁਰੂ ਨਾਨਕ ਪਾਤਸ਼ਾਹ ਦੀ ਓਟ ਲਓ। ਆਪ ਆਪਣੇ ਬਚਨਾਂ ਦੁਆਰਾ ਅਜਿਹੇ ਲੋਕਾਂ ਨੂੰ, ਮੂਰਖ ਤੇ ਗੁਆਰ ਕਹਿ ਪੁਕਾਰਦੇ ਹਨ, ਕਿ ਇਹ ਵਸਤੂਆਂ ਨਾਸ਼ਵੰਤ ਹਨ, ਨਾਲ ਜਾਣ ਵਾਲੀਆਂ ਨਹੀਂ, ਤੇ ਇਨ੍ਹਾਂ ਨਾਲ ਇਸ ਜੀਵਨ ਵਿਚ ਸੰਬੰਧਤ ਹੋਣਾ ਮੂਰਖਤਾਈ ਹੈ।

ਕਾਚਾ ਧਨ ਸੰਚੇ ਮੂਰਖ ਗਾਵਾਰ।
ਮਨਮੁਖ ਭੂਲੇ ਅੰਧ ਗੁਬਾਰ।

ਬਿਖਿਆ ਕੇ ਧਨ ਸਦਾ ਦੁਖ ਹੋਇ।
ਨਾ ਸਾਥ ਜਾਇ ਨਾ ਪ੍ਰਾਪਤ ਹੋਇ।

ਸਾਚਾ ਧਨ ਗੁਰਮਤੀ ਪਾਏ।
ਕਾਚਾ ਧਨ ਫੁਨ ਆਵੈ ਜਾਏ।

ਗ੍ਰਿਹਸਤੀ ਰਹੋ, ਤਿਆਗਨ ਦੀ ਲੋੜ ਨਾ, ਪਰ ਗੁਰਮਤਿ ਅਨੁਸਾਰ ਸੰਤੋਖੀ ਬਣ ਜਾਓ, ਹਰ ਰੰਗ ਵਿਚ ਰਾਜ਼ੀ ਰਹੋ, ਨਾ ਦੁਖ ਵਿਚ ਦੁਖੀ ਹੋਵੋ, ਨਾ ਸੁਖ ਵਿਚ ਪ੍ਰਸੰਨ। ਇਹ ਸਭ ਦਾਤਾਂ ਦਾਤੇ ਦੀਆਂ ਹਨ ਤੇ ਇਹ ਇਕੋ ਹਲ ਹੈ ਅਜ ਦੀਆਂ ਮੁਸ਼ਕਲਾਂ ਦਾ, ਸਾਡੇ ਗੁਰੂ ਸਾਹਿਬਾਨ ਇਹ ਹੀ ਸਾਨੂੰ ਸਿਖਾਂਦੇ ਗਏ ਹਨ:

ਤੇਰਾ ਕੀਆ ਮੀਠਾ ਲਾਗੈ॥
ਨਾਮ ਪਦਾਰਥ ਨਾਨਕ ਮਾਂਗੈ॥

ਇਸ ਨੂੰ ਮੁਖ ਰਖਦੇ ਹੋਏ ੭੦ ਸਾਲ ਟੁਰਦੇ ਫਿਰਦੇ ਚਲੇ ਗਏ, ਆਪ ਜਪਿਆ ਅਵਰਾ ਨਾਮ ਜਪਾਇਆ, ਪਰ ਨਾ ਘਬਰਾਏ, ਜਦ—ਟੰਗੋਂ ਪਕੜ ਘਸੀਟਿਆ, ਜਦ ਆਪ ਨੂੰ ਪਥਰ ਮਾਰਨ ਵਾਲੇ ਆਏ—ਜਦ ਚੋਰਾਂ ਨਾਲ, ਠੱਗਾਂ ਨਾਲ, ਅਪਰਾਧੀਆਂ ਨਾਲ, ਗੁਨਾਹਗਾਰਾਂ ਨਾਲ ਵਾਸਤਾ ਪਿਆ, ਐਥੋਂ ਤਕ ਕਿ ਪੰਜਵੀਂ ਜੋਤ ਗੁਰੂ ਨਾਨਕ (ਗੁਰੂ ਅਰਜਨ ਪਾਤਸ਼ਾਹ) ਭਾਣਾ ਮੰਨਦੇ ਹੋਏ ਤਤੀਆਂ ਤਵੀਆਂ ਤੇ ਚੜ੍ਹ ਗਏ ਤੇ ਸੀ ਨਾ ਕੀਤੀ, ਨੌਵੀਂ ਜੋਤ ਗੁਰੂ ਨਾਨਕ (ਗੁਰੂ ਤੇਗ ਬਹਾਦਰ) ਜੀ ਨੇ ਆਪਣਾ ਸੀਸ ਭੇਟ ਕੀਤਾ, ਉਫ਼ ਨਾ ਕੀਤੀ, ਦਸਵੀਂ ਜੋਤ ਗੁਰੂ ਨਾਨਕ (ਗੁਰੂ ਗੋਬਿੰਦ ਸਿੰਘ ਜੀ) ਆਪਾ-ਵਾਰ ਦਿਤਾ, ਚਾਰੇ ਸਾਹਿਬਜ਼ਾਦੇ ਵਾਰ ਦਿਤੇ, ਮਹਿਲ ਤੇ ਮਾੜੀਆਂ ਵਾਰ ਦਿਤੀਆਂ, ੧੦ ਕਰੋੜ ਰੁਪਿਆ ਦਰਿਆ ਭੇਟ ਕੀਤਾ, ਪਰ ਉਫ਼ ਨਾ ਕੀਤੀ।

ਇਸ ਤੋਂ ਉਪਰੰਤ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਸਾਹਿਬਜ਼ਾਦਿਆਂ ਵਲ ਆ ਜਾਉ। ਜੰਗਾਂ ਲੜੀਆਂ, ਪਿੰਡ ਪਿੰਡ ਘੁਮੇ, ਇਕ ਦਾ ਉਪਦੇਸ਼ ਦਿਤਾ, ਅਨੇਕਾਂ ਔਕੜਾਂ ਸਹੀਆਂ, ਅੰਗਰੇਜ਼ ਚੜ੍ਹ ਆਇਆ, ਮਾਲਵੇ ਵਿਚ ਅਨੇਕਾਂ ਜੰਗਾਂ ਹੋਈਆਂ, ਪਰ ਉਫ਼ ਨਾ ਕੀਤੀ ਤੇ ਉਸ ਦਾਤੇ ਦੇ ਭਾਣੇ ਵਿਚ ਵਕਤ ਕਟਿਆ।

ਆਪ ਦੇ ਸਪੁੱਤਰ ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ ਬੇਦੀ ਜਿਨ੍ਹਾਂ ਦੇ ਨਮਿਤ ਇਹ ਅਜੂਨੀ ਦਾ ਅੰਕ ਹੈ, ਜੋ ਸਿੱਖ ਰਾਜ ਦੇ ਹਰਤਾ ਕਰਤਾ ਸਨ ਜਿਨ੍ਹਾਂ ਪਾਸ ਉਨੇ ਸਾਹਿਬ ਸਾਰੇ ਸੁਖ ਸਨ, ਅਨੇਕਾਂ ਕਿਲ੍ਹੇ ਜਿਨ੍ਹਾਂ ਵਿਚ ਅਨਗਿਣਤ ਫ਼ੌਜਾਂ ਸਨ, ਸੰਗਤਾਂ ਦੀ ਕਮੀ ਨਾ ਸੀ, ਭੇਟਾ, ਆਦਰ, ਮਾਨ, ਸਤਿਕਾਰ, ਮਾਇਆ, ਦੀ ਕਮੀ ਨਾ, ਮਹਿਲ ਮਾੜੀਆਂ ਭਾਵ ਹਰ ਸੁਖ ਮੌਜੂਦ, ਪਰ ਅੰਗਰੇਜ਼ ਦੀ ਅਧੀਨਗੀ ਕਬੂਲ ਨਾ ਕੀਤੀ, ਸਿਖਾਂ ਦਾ ਸਾਥ ਦਿਤਾ, ਸਭ ਕੁਝ ਗੁਵਾ ਦਿਤਾ। ੧੧੧ ਪਿੰਡਾਂ ਦੀ ਰਿਆਸਤ, ਜ਼ਾਲਮ ਅੰਗਰੇਜ਼ ਨੇ ਖੋਹ ਲਈ, ਕੋਈ ਗੁਜ਼ਾਰਾ ਨਾ ਦਿਤਾ, ਕਿਲ੍ਹੇ ਮਹਿਲ ਢਾਹ ਢੇਰੀ ਕਰ ਦਿਤੇ, ਆਪ ਨੂੰ ਤੇ ਸਾਰੇ ਪ੍ਰਵਾਰ ਨੂੰ ਸ੍ਰੀ ਅੰਮ੍ਰਿਤਸਰ ਜਾ ਨਜ਼ਰਬੰਦ ਕਰ ਦਿਤਾ, ਪਰ ਆਪ ਨੇ ਭਾਣਾ ਮੰਨਿਆ ਤੇ ਸੀ ਨਾ ਕੀਤੀ। ੧੪ ਸਾਲ ਨਜ਼ਰਬੰਦੀ ਵਿਚ ਕਟ, ਪ੍ਰਲੋਕ ਗਵਨ ੨੪ ਅਗਸਤ ੧੮੬੨ ਨੂੰ ਕਰ ਗਏ। ਆਪ ਦਾ ਪ੍ਰਵਾਰ ਸ੍ਰੀ ਬਾਬਾ ਸੁਜਾਨ ਸਿੰਘ ਜੀ ਨੂੰ ਊਨਾ ਸਾਹਿਬ ਰਹਿਣ ਦੀ ਆਗਿਆ ਹੋਈ, ਪ੯ ਘੁਮਾਉਂ ਜ਼ਮੀਨ ੧੧੭ ਪਿੰਡਾਂ ਵਿਚੋਂ ਦਿਤੀ ਤੇ ਟੁਟਿਆ ਹੋਇਆ ਕਿਲ੍ਹਾ ਦਿਤਾ। ਪਰ ਸਾਹਿਬਜ਼ਾਦਿਆਂ ਨੇ ਭਾਣਾ-ਮੰਨਿਆ, ਸੀ ਨਾ ਕੀਤੀ, ਆਪ ਦੇ ਸਪੁਤਰ ਸ੍ਰੀ ਟਿਕਾ ਰਾਮ ਕਿਸ਼ਨ ਸਿੰਘ ਅਤੇ ਟਿਕਾ ਦੇਵਿੰਦਰ ਸਿੰਘ ਜੀ ਨੇ ਘੁਮ ਘੁਮਾ ਕੇ ਦਰ-ਬਦਰ ਰੁਲਦੇ, ਸਿਖਾਂ ਨੂੰ ਗੁਰੂ ਨਾਨਕ ਦਾ ਪ੍ਰਚਾਰ ਕਰ, ਸਮਾਂ ਕਟਿਆ, ਪਰ ਭਾਣਾ ਮੰਨਿਆ—ਉਫ਼ ਨਾ ਕੀਤੀ ਤੇ ਅਜ ਆਸ਼ਰਮ ਤਿਆਰ ਹੋ ਗਏ ਤੇ ਹੁਣ ਦੀ ਭੁਖੀ ਸ੍ਰਕਾਰ ਅਜੇਹੇ ਪ੍ਰਵਾਰਾਂ ਨੂੰ ਜੋ ਜਨਮ ਤੋਂ ਸੰਗਤਾਂ ਦੀ ਸੇਵਾ ਵਿਚ ਹਨ, ਜੇ ਇਨਾਮ ਨਹੀਂ, ਸ਼ਾਬਾਸ਼ ਨਹੀਂ, ਸਤਿਕਾਰ ਨਹੀਂ, ਮਾਨ ਨਹੀਂ ਦੇ ਸਕਦੀ ਤੇ ਹੁਣ ਫੇਰ ਜੋ ਪਾਸ ਹੈ ਖੋਹਣ ਦੀ ਨੀਤੀ ਰਖਦੀ ਹੈ, ਤਾਂ ਉਸ ਦੇ ਭਾਣੇ ਵਿਚ ਹੀ ਪ੍ਰਸੰਨ ਰਹਿਣਾ ਹੀ ਜੋਗ ਹੈ। ਤੇ ਸੰਗਤਾਂ ਪ੍ਰਤੀ ਸਭ ਨੂੰ ਸੂਚਨਾ ਦੇਂਦਾ ਹਾਂ, ਨਾ ਭੁਲੋ। ਗੁਰਸਿਖਾਂ ਨੂੰ ਖ਼ਾਲਸੇ ਨੂੰ ਜਿਤਨਾ ਦਬਾਇਆ ਜਾਏਗਾ, ਉਤਨਾ ਹੀ ਇਹ ਉਭਰੇਗਾ, ਤਿਆਰ-ਬਰ-ਤਿਆਰ ਹੋਵੇਗਾ। ਖਾਲਸਾ ਇਸ ਝੂਠੇ ਧਨ ਨੂੰ ਲੈ, ਅਰਾਮ-ਤਲਬ ਹੋ ਗਿਆ ਸੀ—ਜਬੈ ਬਾਨ ਲਾਗੈ—ਤਬੈ ਰੋਸ ਜਾਗੈ॥ ਇਹ ਧਫਾ ਲਗੇ ਗਾ, ਮਾਇਆ ਦਾ ਪਰਦਾ, ਜੋ ਅਖਾਂ ਤੋਂ ਉਠੇਗਾ, ਤਾਂ ਮੂਰਖ ਤੇ ਗੁਆਰ ਨਾ ਰਹੇਗਾ ਤੇ "ਖਾਲਸਾ ਮੇਰੋ ਰੂਪ ਹੈ ਖਾਸ" ਬਣ ਜਾਵੇਗਾ।

ਆਓ! ਇਕਾਗਰ ਹੋ ਜਾਓ, ਉਸ ਦਾਤੇ ਦੇ ਭਾਣਾ ਮੰਨਣ ਦੀ ਸ਼ਕਤੀ ਵਿਚ ਆ ਜਾਓ, ਇਸ ਭੁਖੀ ਹਕੂਮਤ ਨੇ ਭੁਖਿਆਂ ਹੀ ਰਹਿਣਾ ਹੈ, ਗ਼ਰੀਬੀ ਜੁਗੋ ਜੁਗ ਚਲੀ ਆਈ ਹੈ, ਗੁਰੂ ਨਾਨਕ ਪਾਤਸ਼ਾਹ ਨੇ ਗ਼ਰੀਬੀ ਮੰਗੀ ਸੀ ਤੇ ਇਹ ਗਰੀਬੀ ਹਟਾ ਕੇ ਅਮੀਰੀ ਦੇਣੀ ਚਾਹੁੰਦੇ ਹਨ, ਇਹ (ਗਰੀਬੀ-ਅਮੀਰੀ) ਸਭ ਸਤਿਗੁਰੂ ਦੀਆਂ ਦਾਤਾਂ ਹਨ ਤੇ ਬੰਦੇ ਦੇ ਸੰਗ ਹੈ, ਤੇ ਇਹ ਖੋਹ ਵੀ ਲੈਣ ਗੇ, ਮੁਕੱਦਰ ਨਾਲ ਹੈ, ਰਾਜਿਉਂ ਰੰਕ, ਤੇ ਰੰਕੋਂ ਰਾਜਾ, ਕਰਨ ਦੀ ਸ਼ਕਤੀ ਜਿਸ ਦਾਤੇ ਵਿਚ ਹੈ, ਉਥੇ ਘਾਟਾ ਨਹੀਂ। ਉਹ ਕਦੇ ਲੋੜ ਦੀ ਥੋੜ ਨਹੀਂ ਆਉਣ ਦੇਣ ਲਗਾ, ਇਹ ਤਾਂ ਦਾਰੂ ਕਰਕੇ ਸਮਾ ਆ ਰਿਹਾ ਹੈ।

"ਦੁਖ ਦਾਰੂ ਸੁਖ ਰੋਗ ਭਇਆ"

ਮਾਇਆ ਦੇ ਸੁਖਾਂ ਵਿਚ ਉਸ ਦਾਤੇ ਨੂੰ ਭੁਲਾ ਬੈਠੇ ਹਾਂ। ਕੁਝ ਹਲੂਣਾ ਦੁਖ ਦਾ ਦਾਰੂ ਕਰ ਦੇਵੇਗਾ, ਸਾਰੇ ਉਸ ਦੀ ਰਜ਼ਾ ਵਿਚ ਆ ਜਾਣਗੇ। ਇਕ ਤੇ ਈਮਾਨ ਆਏਗਾ, ਤੇ ਇਹ ਇਕ ਇਲਾਹੀ ਤਾਕਤ ਵਾਲੀ ਕੌਮ ਅਗੇ ਵਧੇਗੀ,।

ਜੋ ਸਮਾਂ ਆਵੇ ਉਸ ਦੀ ਰਜ਼ਾ ਜਾਣੇ ਤੇ ਮਿਠਾ ਕਰ ਕੇ ਮੰਨੋ। ਕਲਪੋ ਨਾ, ਤੜਪੋ ਨਾ, ਸਗੋਂ ਸਿਮਰਨ ਵੱਲ ਆਉ ਤੇ ਜਨਮ ਸਵਾਰੋ॥

(ਲੜੀ ਜੋੜਨ ਲਈ ਵੇਖੋ ਪਿਛਲਾ ਅੰਕ)

# ਰਹਤਾਂ ਪਰ ਭਾਈ ਗੁਰਦਾਸ ਜੀ ਦੇ ਬਚਨ, ਵਾਰ ੧੨ਵੀਂ ਵਿਚੋਂ।

ੴ ਸਤਿਗੁਰ ਪ੍ਰਸਾਦਿ ॥

ਬਲਿਹਾਰੀ ਤਿਨ ਗੁਰਸਿਖਾਂ
ਜਾਇ ਜਿਨਾਂ ਗੁਰ ਦਰਸਨ ਡਿੱਠਾ।
ਬਲਿਹਾਰੀ ਤਿਨ ਗੁਰਸਿਖਾਂ ਪੈਰੀਂ ਪੈ ਗੁਰ ਸਭਾ ਬਹਿੱਠਾ।
ਬਲਿਹਾਰੀ ਤਿਨਾਂ ਗੁਰਸਿਖਾਂ ਗੁਰਮਤਿ ਬੋਲ ਬੋਲਦੇ ਮਿੱਠਾ।
ਬਲਿਹਾਰੀ ਤਿਨਾਂ ਗੁਰਸਿਖਾਂ ਪੁਤ੍ਰ ਮਿਤ੍ਰ ਗੁਰਭਾਈ ਇੱਠਾ।
ਬਲਿਹਾਰੀ ਤਿਨਾਂ ਗੁਰਸਿਖਾਂ ਗੁਰ ਸੇਵਾ ਜਾਣਨਿ ਅਭਰਿੱਠਾ।
ਬਲਿਹਾਰੀ ਤਿਨ ਗੁਰਸਿਖਾਂ ਆਪ ਤਰੇ ਤਾਰੇਨਿ ਸਰਿੱਠਾ।
ਗੁਰਮੁਖ ਮਿਲਿਆ ਪਾਪ ਪਣਿੱਠਾ ॥ ੧ ॥

ਕੁਰਬਾਣੀ ਤਿਨ ਗੁਰਸਿਖਾਂ
ਪਿੱਛਲ ਰਾਤੀਂ ਉਠ ਬਹੰਦੇ।
ਕੁਰਬਾਣੀ ਤਿਨ ਗੁਰਸਿਖਾਂ ਅੰਮ੍ਰਿਤ ਵੇਲੇ ਸਰ ਨ੍ਹਾਵੰਦੇ।
ਕੁਰਬਾਣੀ ਤਿਨ ਗੁਰਸਿਖਾਂ ਇਕ ਮਨ ਹੋ ਗੁਰ ਜਾਪ ਜਪੰਦੇ।
ਕੁਰਬਾਣੀ ਤਿਨ ਗੁਰਸਿਖਾਂ ਸਾਧ ਸੰਗਤ ਚਲ ਜਾਇ ਜੁੜੰਦੇ।
ਕੁਰਬਾਣੀ ਤਿਨ ਗੁਰਸਿਖਾਂ ਗੁਰਬਾਣੀ ਨਿਤ ਗਾਇ ਸੁਣੰਦੇ।
ਕੁਰਬਾਣੀ ਤਿਨ ਗੁਰਸਿਖਾਂ ਮਨ ਮੇਲੀ ਕਰ ਮੇਲ ਮਿਲੰਦੇ।
ਕੁਰਬਾਣੀ ਤਿਨ ਗੁਰਸਿਖਾਂ ਭਾਇ ਭਗਤ ਗੁਰਪੁਰਬ ਕਰੰਦੇ।
ਗੁਰਸੇਵਾ ਫਲ ਸੁਫਲ ਫਲੰਦੇ ॥ ੨ ॥

ਹਉਂ ਤਿਸ ਵਿੱਟਹੁ ਵਾਰਿਆ ਹੋਂਦੇ ਤਾਣ ਜੁ ਹੋਇ ਨਿਤਾਣਾ।
ਹਉਂ ਤਿਸ ਵਿੱਟਹੁ ਵਾਰਿਆ ਹੋਂਦੇ ਮਾਣ ਜੁ ਹੋਇ ਨਿਮਾਣਾ।
ਹਉਂ ਤਿਸ ਵਿੱਟਹੁ ਵਾਰਿਆ ਛਡ ਸਿਆਣਪ ਹੋਇ ਇਆਣਾ।
ਹਉਂ ਤਿਸ ਵਿੱਟਹੁ ਵਾਰਿਆ ਖਸਮੇ ਦਾ ਭਾਵੈ ਜਿਸ ਭਾਣਾ।
ਹਉਂ ਤਿਸ ਵਿੱਟਹੁ ਵਾਰਿਆ ਗੁਰਮੁਖਿ ਮਾਰਗ ਦੇਖ ਲੁਭਾਣਾ।
ਹਉਂ ਤਿਸ ਵਿੱਟਹੁ ਵਾਰਿਆ ਚੱਲਣ ਜਾਣ ਜੁਗਤਿ ਮਿਹਮਾਣਾ।
ਦੀਨ ਦੁਨੀ ਦਰਗਹ ਪਰਵਾਣਾ ॥ ੩ ॥

ਹਉਂ ਤਿਸ ਘੋਲ ਘੁਮਾਇਆ ਗੁਰਮਤਿ ਰਿਦੇ ਗਰੀਬੀ ਆਵੈ ।
ਹਉਂ ਤਿਸ ਘੋਲ ਘੁਮਾਇਆ ਪਰ ਨਾਰੀ ਦੇ ਨੇੜ ਨ ਜਾਵੈ ।
ਹਉਂ ਤਿਸ ਘੋਲ ਘੁਮਾਇਆ ਪਰ ਦਰਬੈ ਨੋ ਹੱਥ ਨ ਲਾਵੈ ।
ਹਉਂ ਤਿਸ ਘੋਲ ਘੁਮਾਇਆ ਪਰ ਨਿੰਦਾ ਸੁਣ ਆਪ ਹਟਾਵੈ ।
ਹਉਂ ਤਿਸ ਘੋਲ ਘੁਮਾਇਆ ਸਤਿਗੁਰ ਦਾ ਉਪਦੇਸ ਕਮਾਵੈ ।
ਹਉਂ ਤਿਸ ਘੋਲ ਘੁਮਾਇਆ ਥੋੜਾ ਸਵੈਂ ਥੋੜਾ ਹੀ ਖਾਵੈ ।
ਗੁਰਮੁਖ ਸੋਈ ਸਹਜ ਸਮਾਵੈ ॥ ੪ ॥

ਹਉਂ ਤਿਸਦੇ ਚਉਖੰਨੀਐ ਗੁਰ ਪਰਮੇਸ਼ਰ ਏਕੋ ਜਾਣੈ ।
ਹਉਂ ਤਿਸਦੇ ਚਉਖੰਨੀਐ ਦੂਜਾ ਭਾਉ ਨ ਅੰਦਰ ਆਣੈ ।
ਹਉਂ ਤਿਸਦੇ ਚਉਖੰਨੀਐ ਅਉਗਣ ਕੀਤੇ ਗੁਣ ਪਰਵਾਣੈ ।
ਹਉਂ ਤਿਸਦੇ ਚਉਖੰਨੀਐ ਮੰਦਾ ਕਿਸੈ ਨ ਆਖ ਵਖਾਣੈ ।
ਹਉਂ ਤਿਸਦੇ ਚਉਖੰਨੀਐ ਆਪ ਠਗਾਏ ਲੋਕਾਂ ਭਾਣੈ ।
ਹਉਂ ਤਿਸਦੇ ਚਉਖੰਨੀਐ ਪਰਉਪਕਾਰ ਕਰੈ ਰੰਗ ਮਾਣੈ ।
ਲਉ ਬਾਲੀ ਦਰਗਾਹ ਵਿਚ ਮਾਣ ਨਿਮਾਣਾ ਮਾਣ ਨਿਮਾਣੈ ।
ਗੁਰ ਪੂਰਾ ਗੁਰ ਸ਼ਬਦ ਸਿਞਾਣੈ ॥੫॥

ਹਉਂ ਸਦਕੇ ਤਿਨ ਗੁਰਸਿਖਾਂ
ਸਤਿਗੁਰ ਨੋ ਮਿਲ ਆਪ ਗਵਾਯਾ ।
ਹਉਂ ਸਦਕੇ ਤਿਨ ਗੁਰਸਿਖਾਂ ਕਰਨ ਉਦਾਸੀ ਅੰਦਰ ਮਾਯਾ ।
ਹਉਂ ਸਦਕੇ ਤਿਨ ਗੁਰਸਿਖਾਂ ਗੁਰਮਤਿ ਗੁਰ ਚਰਣੀ ਚਿਤ ਲਾਯਾ ।
ਹਉਂ ਸਦਕੇ ਤਿਨ ਗੁਰਸਿਖਾਂ ਗੁਰ ਸਿਖ ਦੇ ਗੁਰ ਸਿਖ ਮਿਲਾਯਾ ।
ਹਉਂ ਸਦਕੇ ਤਿਨ ਗੁਰਸਿਖਾਂ ਬਾਹਰ ਜਾਂਦਾ ਵਰਜ ਰਹਾਯਾ ।
ਹਉਂ ਸਦਕੇ ਤਿਨ ਗੁਰਸਿਖਾਂ ਆਸਾ ਵਿਚ ਨਿਰਾਸ ਵਲਾਯਾ ।
ਸਤਿਗੁਰ ਦਾ ਉਪਦੇਸ਼ ਦ੍ਰਿੜ੍ਹਾਯਾ ॥੬॥

## ਵਾਰ ੨੮ ਵਿਚੋਂ

ਗੁਰੁ ਸਿੱਖੀ ਦਾ ਸਿੱਖਣਾ ਗੁਰਮੁਖ ਸਾਧ ਸੰਗਤਿ ਦੀ ਸੇਵਾ ।
ਦਸ ਅਵਤਾਰ ਨ ਸਿਖਿਆ ਗੀਤਾ ਗੋਸ਼ਟ ਅਲਖ ਅਭੇਵਾ ।
ਵੇਦ ਨ ਜਾਣਨਿ ਭੇਦ ਕਿਹੁ ਲਿਖ ਪੜ੍ਹ ਸੁਣ ਸਣ ਦੇਵੀ ਦੇਵਾ ।
ਸਿਧ ਨਾਥ ਨ ਸਮਾਧਿ ਵਿਚ ਤੰਤ ਨ ਮੰਤ ਲੰਘਾਇਨ ਖੇਵਾ ।
ਲੱਖ ਭਗਤ ਜਗਤ ਵਿਚ ਲਿੱਖ ਨ ਗਏ ਗੁਰ ਸਿੱਖੀ ਟੇਵਾ ।
ਸਿਲ ਆਲੂਣੀ ਚੱਟਣੀ ਸਾਦ ਨ ਪੁਜੈ ਲਖ ਲਖ ਮੇਵਾ ।
ਸਾਧ ਸੰਗਤ ਗੁਰੁ ਸਬਦ ਸਮੇਵਾ ॥੪॥

ਗੁਰਸਿੱਖੀ ਦਾ ਸਿੱਖਣਾ ਸਬਦ ਸੁਰਤਿ ਸਤਿਸੰਗਤ ਸਿੱਖੇ ।
ਗੁਰਸਿੱਖੀ ਦਾ ਲਿੱਖਣਾ ਗੁਰਬਾਣੀ ਸੁਣ ਸਮਝੇ ਲਿੱਖੇ ।
ਗੁਰਸਿੱਖੀ ਦਾ ਸਿਮਰਣੋ ਸਤਿਗੁਰੁ ਮੱਤ ਕੋਹਲੂ ਰਸ ਇੱਖੇ ।
ਗੁਰਸਿੱਖੀ ਦਾ ਵਰਤਮਾਨ ਚੰਦਨ ਵਾਸ ਨਿਵਾਸੁ ਬਿਰਿਖੇ ।
ਗੁਰਸਿੱਖੀ ਦਾ ਬੁੱਝਣਾ ਬੁੱਝ ਅਬੁੱਝ ਹੋਵੈ ਲੈ ਭਿੱਖੇ ।
ਸਾਧ ਸੰਗਤਿ ਗੁਰੁ ਸਬਦ ਸੁਣ ਨਾਮ ਦਾਨ ਇਸ਼ਨਾਨ ਸਰਿੱਖੇ ।
ਵਰਤਮਾਨ ਲੰਘ ਭੂਹ ਭਵਿਖੇ ।।੫।।

ਗੁਰਸਿੱਖੀ ਦਾ ਚੱਲਣਾ ਚੱਲੈ ਭੈ ਵਿਚ ਲੀਤੇ ਭੇਖੇ ।
ਗੁਰੁਸਿੱਖੀ ਦਾ ਰਾਹ ਏਹ ਗੁਰਮੁਖ ਚਾਲ ਚਲੈ ਸੋ ਦੇਖੈ ।
ਘਾਲ ਖਾਇ ਸੇਵਾ ਕਰੈ ਗੁਰਉਪਦੇਸ਼ ਅਵੇਸ਼ ਵਿਸੇਖੇ ।
ਆਪ ਗਣਾਇ ਨ ਅੱਪੜੈ ਆਪ ਗਵਾਏ ਰੂਪ ਨ ਰੇਖੈ ।
ਮੁਰਦੇ ਵਾਂਗ ਮੁਰੀਦ ਹੋਇ ਗੁਰੁ ਗੋਰੀ ਵੜ ਅਲਖ ਅਲੇਖੈ ।
ਅੰਤੁ ਨ ਮੰਤੁ ਨ ਸ਼ੇਖ ਸਰੇਖੈ ।।੫।।

ਗੁਰਸਿੱਖੀ ਦਾ ਸਿੱਖਣਾ ਗੁਰੁਸਿੱਖ ਸਿੱਖਣ ਖੱਜਰ ਭਾਰਾ ।
ਗੁਰੁਸਿੱਖੀ ਦਾ ਲਿੱਖਣਾ ਲੇਖ ਅਲੇਖ ਨ ਲਿੱਖਣ ਹਾਰਾ ।
ਗੁਰੁਸਿੱਖੀ ਦਾ ਤੋਲਣਾ ਤੁੱਲ ਨ ਤੋਲ ਤੁਲੈ ਤੁਲਧਾਰਾ ।
ਗੁਰੁਸਿੱਖੀ ਦਾ ਦੇਖਣਾ ਗੁਰਮੁਖ ਸਾਧ ਸੰਗਤ ਗੁਰਦੁਆਰਾ।
ਗੁਰੁਸਿੱਖੀ ਦਾ ਚੱਖਣਾ ਸਾਧ ਸੰਗਤਿ ਗੁਰ ਸ਼ਬਦ ਵੀਚਾਰਾ ।
ਗੁਰੁਸਿੱਖੀ ਦਾ ਸਮਝਣਾ ਜੋਤੀ ਜੋਤਿ ਜਗਾਵਣ ਹਾਰਾ ।
ਗੁਰਮੁਖ ਸੁਖਫਲ ਪਿਰਮ ਪਿਆਰਾ ।।੭।।

ਗੁਰੁਸਿੱਖੀ ਦਾ ਰੂਪ ਦੇਖ ਇੱਕਸ ਬਾਝ ਨ ਹੋਰ ਸੁ ਦੇਖੈ ।
ਗੁਰੁਸਿੱਖੀ ਦਾ ਚੱਖਣਾ ਲਖ ਅੰਮ੍ਰਿਤ ਫਲ ਫਿੱਕੇ ਲੇਖੈ ।
ਗੁਰੁਸਿੱਖੀ ਦਾ ਨਾਦ ਸੁਣ ਲਖ ਅਨਹਦ ਵਿਸਮਾਦ ਅਲੇਖੈ ।
ਗੁਰੁਸਿੱਖੀ ਦਾ ਪਰਸਣਾ ਠੰਢਾ ਤੱਤਾ ਭੇਖ ਅਭੇਖੇ ।
ਗੁਰੁਸਿੱਖੀ ਦੀ ਵਾਸ ਲੈ ਹੋਇ ਦੁਰਗੰਧ ਸੁਗੰਧ ਸਰੇਖੈ ।
ਗੁਰੁਸਿੱਖੀ ਮਰ ਜੀਵਣਾ ਭਾਇ ਭਗਤਿ ਭੈ ਨਿਮਖ ਨਿਮੇਖੈ ।
ਅਲਪ ਰਹੈ ਗੁਰ ਸ਼ਬਦ ਵਿਸੇਖੈ ।।੮।।

ਗੁਰਮੁਖ ਸੱਚਾ ਪੰਥ ਹੈ ਸਿੱਖ ਸਹਜ ਘਰ ਜਾਇ ਖਲੋਵੈ ।
ਗੁਰੁਮੁਖ ਸਚ ਰਹਰਾਸਿ ਹੈ ਪੈਰੀਂ ਪੈ ਪਾਖਾਕ ਜੋ ਹੋਵੈ ।
ਗੁਰੁਸਿੱਖੀ ਦਾ ਨ੍ਹਾਵਣਾ ਗੁਰਮਤਿ ਲੈ ਦੁਰਮਤਿ ਮਲ ਧੋਵੈ ।
ਗੁਰੁਸਿੱਖੀ ਦਾ ਪੂਜਣਾ ਗੁਰਸਿੱਖ ਪੂਜ ਪਿਰਮ ਰਸ ਭੋਵੈ ।
ਗੁਰੁਸਿੱਖੀ ਦਾ ਮੰਨਣਾ ਗੁਰੁ ਬਚਨੀ ਗਲ ਹਾਰ ਪਰੋਵੈ ।
ਗੁਰੁਸਿੱਖੀ ਦਾ ਜੀਵਣਾ ਜੀਵੰਦਿਆਂ ਮਰ ਹਉਮੈ ਖੋਵੈ ।
ਸਾਧ ਸੰਗਤਿ ਗੁਰਸ਼ਬਦ ਵਿਲੋਵੈ ।।੯।।

ਗੁਰਮੁਖ ਸੁਖਫਲ ਖਾਵਣਾ ਦੁਖ ਸੁਖ ਸਮਕਰ ਐਚਰ ਚਰਣਾ ।
ਗੁਰੁਸਿੱਖੀ ਦਾ ਗਾਵਣਾ ਅੰਮ੍ਰਿਤ ਬਾਣੀ ਨਿੱਝਰ ਝਰਣਾ ।
ਗੁਰੁਸਿੱਖੀ ਧੀਰਜ ਧਰਮ ਪ੍ਰੇਮ ਪਿਆਲਾ ਅੱਜਰ ਜਰਣਾ ।
ਗੁਰੁਸਿੱਖੀ ਦਾ ਸੰਜਮੋ ਡਰ ਨਿੱਡਰ ਨਿੱਡਰ ਮੁਚ ਡਰਣਾ ।
ਗੁਰੁਸਿੱਖੀ ਮਿਲ ਸਾਧ ਸੰਗਿ ਸਬਦ ਸੁਰਤਿ ਜਗ ਦੁੱਤਰ ਤਰਣਾ ।
ਗੁਰੁਸਿੱਖੀ ਦਾ ਕਰਮ ਏਹ ਗੁਰ ਫੁਰਮਾਏ ਗੁਰਸਿੱਖ ਕਰਣਾ ।
ਗੁਰ ਕਿਰਪਾ ਗੁਰੁਸਿੱਖ ਗੁਰੂ ਸਰਣਾ ॥੧੦॥

ਪਿੱਛਲਰਾਤੀ ਜਾਗਣਾ ਨਾਮ ਦਾਨ ਇਸ਼ਨਾਨ ਦ੍ਰਿੜ੍ਹਾਏ ।
ਮਿੱਠਾ ਬੋਲਣ ਨਿਵ ਚਲਣ ਹੱਥਹੁੰ ਦੇਕੈ ਭਲਾ ਮਨਾਏ ।
ਥੋੜਾ ਸਵਣਾ ਖਾਵਣਾ ਥੋੜਾ ਬੋਲਣ ਗੁਰਮਤਿ ਪਾਏ ।
ਘਾਲ ਖਾਇ ਸੁਕ੍ਰਿਤ ਕਰੈ ਵੱਡਾ ਹੋਇ ਨ ਆਪ ਗਣਾਏ ।
ਸਾਧ ਸੰਗਤਿ ਮਿਲ ਗਾਂਵਦੇ ਰਾਤ ਦਿਹੈਂ ਨਿਤ ਚਲ ਚਲ ਜਾਏ ।
ਸ਼ਬਦ ਸੁਰਤਿ ਪਰਚਾ ਕਰੈ ਸਤਿਗੁਰੂ ਪਰਚੈ ਮਨ ਪਰਚਾਏ ।
ਆਸਾ ਵਿਚ ਨਿਰਾਸ ਵਲਾਏ ॥੧੫॥

## ਏਕ ਟੇਕ ਪਰ ਕਬਿੱਤ

ਜੈਸੇ ਤਉ ਬਿਰਖ ਮੂਲ ਸੀਚੀਐ ਸਲਿਲ ਤਾਂਤੇ ਸਾਖਾ ਸਾਖਾ ਪਤ੍ਰ ਪਤ੍ਰ ਕਤਿ ਹਰਿਓ ਹੋਇ ਹੈ । ਜੈਸੇ ਪਤਿਬ੍ਰਤਾ ਪਤਿਬ੍ਰਤ ਸਾਵਧਾਨ ਸਕਲ ਕੁਟੰਬ ਸੁਪ੍ਰਸੰਨਿ ਧੰਨਿ ਸੋਇ ਹੈ । ਜੈਸੇ ਮੁਖ ਦੁਆਰ ਮਿਸਟਾਨ ਪਾਨ ਭੋਜਨ ਕੈ ਅੰਗ ਅੰਗ ਤੁਸ਼ਟ ਪੁਸ਼ਟਿ ਅਵਿਲੋਇ ਹੈ । ਤੈਸੇ ਗੁਰਦੇਵ ਸੇਵ ਏਕ ਟੇਕ ਜਾਂਹਿ ਤਾਂਹਿ ਸੁਰ ਨਰ ਬਰੰਬ੍ਰਹ ਕੋਟਿ ਮਧੇ ਕੋਇ ਹੈ ॥੪੬੮॥

ਲੋਗ ਬੇਦ ਗਯਾਨ ਉਪਦੇਸ ਹੈ ਪਤਿਬ੍ਰਤਾ ਕਉ ਮਨ ਬਚ ਕ੍ਰਮ ਸ੍ਵਾਮੀ ਸੇਵਾ ਅਧਿਕਾਰ ਹੈ । ਨਾਮ ਇਸ਼ਨਾਨ ਦਾਨ ਸੰਜਮ ਨ ਜਾਪ ਤਪ ਤੀਰਥ ਬ੍ਰਤ ਪੂਜਾ ਨੇਮ ਨਤਕਾਰ ਹੈ । ਹੋਮ ਜੱਗ ਭੋਗ ਨਈਬੇਦ ਨਹੀਂ ਦੇਵੀ ਦੇਵ ਰਾਗ ਨਾਦ ਬਾਦ ਨ ਸੰਬਾਦ ਆਨ ਦੁਆਰ ਹੈ ॥ ਤੈਸੇ ਗੁਰ ਸਿਖਨ ਮੈਂ ਏਕ ਟੇਕ ਹੀ ਪ੍ਰਧਾਨ ਆਨ ਗਯਾਨ ਧਿਆਨ ਸਿਮਰਨ ਬਿਬਚਾਰ ਹੈ ॥੪੮੨॥

ਇਤਆਦਿਕ ਭਾਈ ਗੁਰਦਾਸ ਜੀ ਦੀ ਸਾਰੀ ਹੀ ਬਾਣੀ ਗੁਰਸਿੱਖਾਂ ਦੇ ਕਮਾਉਣੇ ਜੋਗ ਰਹਤਨਾਮਾ ਹੈ ॥

---

# ਐਡੀਟਰ ਦੀ ਲੋੜ

ਅਜੂਨੀ ਪਰਚੇ ਲਈ ਐਡੀਟਰ, ਚੰਗੇ ਪੜ੍ਹੇ ਲਿਖੇ ਦੀ ਲੋੜ ਹੈ, ਜੋ ਆਪਣੇ ਹਿਰਦੇ ਵਿਚ ਗੁਰੂ ਨਾਨਕ ਪਾਤਸ਼ਾਹ ਦੀ ਅੰਸ ਬੰਸ ਨਾਲ ਸੰਬੰਧਤ ਹੋਵੇ ਅਤੇ ਸਤਿਕਾਰ ਤੇ ਸ਼ਰਧਾ ਰਖਦਾ ਹੋਵੇ । ਆਪਣੀਆਂ ਯੋਗਤਾਵਾਂ ਸਹਿਤ ਦਰਖਾਸਤਾਂ ਹੇਠ ਲਿਖੇ ਪਤੇ ਛੇਤੀ ਭੇਜਣ ਦੀ ਕ੍ਰਿਪਾਲਤਾ ਕਰਨੀ ।

ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ
ਦਮਦਮਾ ਅਸਥਾਨ ਪਿੰਡ ਤੇ ਡਾਕਖਾਨਾ ਮਨਸੂਰਾਂ
ਜ਼ਿਲ੍ਹਾ ਲੁਧਿਆਣਾ

# ਬੇਦੀਆਂ ਦੀ ਬੰਸ

(ਗਿਆਨੀ ਦਇਆ ਸਿੰਘ ਦਿਲਬਰ)

ਧੰਨ ਬੇਦੀ ਬੰਸ ਪਿਆਰੀ ਏ।
ਜਿਹੜੀ ਗੁਰੂ ਨਾਨਕ ਨੇ ਤਾਰੀ ਏ।

ਗੁਰੂ ਨਾਨਕ ਨੇ, ਜਗ ਤਾਰਿਆ ਏ।
ਸਾਰਾ ਸੰਸਾਰ, ਸੁਧਾਰਿਆ ਏ।
ਇਸ ਕੁਲ ਵਿਚ, ਜਨਮ ਨੂੰ ਧਾਰਿਆ ਏ।
ਧੰਨ ਬੇਦੀ ਬੰਸ ਪਿਆਰੀ ਏ।
ਜਿਹੜੀ ਗੁਰੂ ਨਾਨਕ ਨੇ ਤਾਰੀ ਏ।

ਸ਼ਿਰੀ ਚੰਦ ਜੀ, ਦਰ ਪ੍ਰਵਾਣ ਹੋਏ।
ਜਿਹੜੇ ਜੋਗੀ ਬੜੇ, ਮਹਾਨ ਹੋਏ।
ਧੁਰੋਂ ਉਹਨਾਂ ਨੂੰ, ਬਰ੍ਹਮ ਗਿਆਨ ਹੋਏ।
ਧੰਨ ਬੇਦੀ ਬੰਸ ਪਿਆਰੀ ਏ।
ਜਿਹੜੀ ਗੁਰੂ ਨਾਨਕ ਨੇ ਤਾਰੀ ਏ।

ਛੋਟੇ ਲਖਮੀ ਦਾਸ ਜੀ, ਬਾਲਕ ਸੀ।
ਰਿੱਧੀਆਂ ਸਿਧੀਆਂ ਦੇ, ਮਾਲਕ ਸੀ।
ਵਰ ਦਿਤਾ ਗੁਰ, ਪਰੱਤਪਾਲਕ ਸੀ।
ਧੰਨ ਬੇਦੀ ਬੰਸ ਪਿਆਰੀ ਏ।
ਜਿਹੜੀ ਗੁਰੂ ਨਾਨਕ ਨੇ ਤਾਰੀ ਏ।

ਉਹ ਅਜਬ ਹੀ, ਖੇਡ ਸ਼ਕਾਰ ਗਏ।
ਸਣ ਦੇਹ ਸਚਖੰਡ ਪਧਾਰ ਗਏ।
ਸਣੇ ਘੋੜੇ ਤੇ, ਪਰਵਾਰ ਗਏ।
ਧੰਨ ਬੇਦੀ ਬੰਸ ਪਿਆਰੀ ਏ।
ਜਿਹੜੀ ਗੁਰੂ ਨਾਨਕ ਨੇ ਤਾਰੀ ਏ।

ਸ੍ਰੀ ਧਰਮ ਚੰਦ, ਗੁਰ ਪੋਤੇ ਸੀ।
ਕਾਲੂ ਚੰਦ ਦੇ, ਪੜਪੋਤੇ ਸੀ।
ਜਿਹਨਾਂ ਤਨ ਮਨ, ਨਾਮ 'ਚ ਧੋਤੇ ਸੀ।
ਧੰਨ ਬੇਦੀ ਬੰਸ ਪਿਆਰੀ ਏ।
ਜਿਹੜੀ ਗੁਰੂ ਨਾਨਕ ਨੇ ਤਾਰੀ ਏ।

ਧੰਨ ਧੰਨ ਬਾਬਾ, ਕਲਾਧਾਰੀ ਸੀ।
ਜਿਹਨਾਂ ਬੰਦਗੀ, ਕੀਤੀ ਭਾਰੀ ਸੀ।
ਦਸਮੇਸ਼ ਦੇ, ਮਿਤਰ ਖਿਡਾਰੀ ਸੀ।
ਧੰਨ ਬੇਦੀ ਬੰਸ ਪਿਆਰੀ ਏ।
ਜਿਹੜੀ ਗੁਰੂ ਨਾਨਕ ਨੇ ਤਾਰੀ ਏ।

ਬਾਬਾ ਸਾਹਿਬ ਸਿੰਘ, ਬਲਵਾਨ ਹੋਏ।
ਬੜੇ ਯੋਧੇ ਬੀਰ, ਜਵਾਨ ਹੋਏ।
ਸਿਖ ਪੰਥ ਦੀ, ਆਨ ਤੇ ਸ਼ਾਨ ਹੋਏ।
ਧੰਨ ਬੇਦੀ ਬੰਸ ਪਿਆਰੀ ਏ।
ਜਿਹੜੀ ਗੁਰੂ ਨਾਨਕ ਨੇ ਤਾਰੀ ਏ।

ਬਾਬਾ ਬਿਕ੍ਰਮਾ ਸਿੰਘ, ਬਲਕਾਰੀ ਸੀ।
ਸਿਖ ਰਾਜ ਦੇ, ਬੜੇ ਹਿਤਕਾਰੀ ਸੀ।
ਕੀਤੀ ਕੁਰਬਾਨੀ, ਭਾਰੀ ਸੀ।
ਧੰਨ ਬੇਦੀ ਬੰਸ ਪਿਆਰੀ ਏ।
ਜਿਹੜੀ ਗੁਰੂ ਨਾਨਕ ਨੇ ਤਾਰੀ ਏ।

ਇਸ ਘਰ ਵਿਚ, ਬਰਕਤਾਂ ਰਹਿੰਦੀਆਂ ਨੇ।
ਸਿਧੀਆਂ ਚਰਣਾਂ, ਵਿਚ ਬਹਿੰਦੀਆਂ ਨੇ।
ਸਭ ਸੰਗਤਾਂ, ਧੰਨ ਧੰਨ ਕਹਿੰਦੀਆਂ ਨੇ।
ਧੰਨ ਬੇਦੀ ਬੰਸ ਪਿਆਰੀ ਏ।
ਜਿਹੜੀ ਗੁਰੂ ਨਾਨਕ ਨੇ ਤਾਰੀ ਏ।

(ਬਾਬਾ) ਮਧਸੂਦਨ ਸਿੰਘ, ਆਇਆ ਏ।
ਜਿਸ ਨਾਮ ਦਾ ਚਕਰ ਚਲਾਇਆ ਏ।
ਉਨੇ ਵਿਚ, ਆਸਨ ਲਾਇਆ ਏ।
ਧੰਨ ਬੇਦੀ ਬੰਸ ਪਿਆਰੀ ਏ।
ਜਿਹੜੀ ਗੁਰੂ ਨਾਨਕ ਨੇ ਤਾਰੀ ਏ।

'ਦਿਲਬਰ' ਵੀ, ਸੀਸ ਨਿਵੌਂਦਾ ਏ।
ਸ਼ਰਧਾ ਦੀ ਭੇਟ, ਚੜ੍ਹੌਂਦਾ ਏ।
ਜਸ ਗੁਰੂ ਘਰ ਦਾ, ਨਿਤ ਗਾਉਂਦਾ ਏ।
ਧੰਨ ਬੇਦੀ ਬੰਸ ਪਿਆਰੀ ਏ।
ਜਿਹੜੀ ਗੁਰੂ ਨਾਨਕ ਨੇ ਤਾਰੀ ਏ।

# ਗੁਰੂ ਨਾਨਕ ਗੁਨ ਗਾਵਉਂ

ਕਵੀ ਕਲ

ਸਵਯੇ ਮਹਲੇ ਪਹਿਲੇ ਕੇ

ਗੁਣ ਗਾਵਹਿ ਪਾਯਾਲਿ, ਭਗਤ ਨਾਗਾਦਿ ਭੁਯੰਗਮ ॥
ਮਹਾਦੇਉ ਗੁਣ ਰਵੈ, ਸਦਾ ਜੋਗੀ ਜਤਿ ਜੰਗਮ ॥

ਅਰਥ :

ਪਾਤਾਲ ਵਿਚ ਭੀ (ਸ਼ੇਸ਼-) ਨਾਗ ਆਦਿਕ ਹੋਰ ਸਰਪ-ਭਗਤ (ਗੁਰੂ ਨਾਨਕ ਦੇ) ਗੁਣ ਗਾ ਰਹੇ ਹਨ। (ਗੁਰੂ ਨਾਨਕ ਦੇ) ਗੁਣ ਸ਼ਿਵ ਜੀ ਜਪ ਰਿਹਾ ਹੈ, ਜੋਗੀ ਜਤੀ ਅਤੇ ਜੰਗਮ ਭੀ ਸਦਾ ਗਾ ਰਹੇ ਹਨ।

ਗੁਣ ਗਾਵੈ ਮੁਨਿ ਬ੍ਯਾਸੁ, ਜਿਨਿ ਬੇਦ ਬ੍ਯਾਕਰਣ ਬੀਚਾਰਿਅ ॥
ਬ੍ਰਹਮਾ ਗੁਣਿ ਉਚਰੈ, ਜਿਨਿ ਹੁਕਮਿ ਸਭ ਸ੍ਰਿਸਟਿ ਸਵਾਰੀਅ ॥

ਅਰਥ :

ਜਿਸ (ਵਿਆਸ ਮੁਨੀ) ਨੇ ਸਾਰੇ ਵੇਦਾਂ ਨੂੰ ਵਿਆਕਰਣਾਂ ਦੁਆਰਾ ਵਿਚਾਰਿਆ ਹੈ, ਉਹ (ਗੁਰੂ ਨਾਨਕ ਦੇ) ਗੁਣ ਗਾ ਰਿਹਾ ਹੈ। ਜਿਸ (ਬ੍ਰਹਮਾ) ਨੇ ਅਕਾਲ ਪੁਰਖ ਦੇ ਹੁਕਮ ਵਿਚ ਸਾਰੀ ਸ੍ਰਿਸ਼ਟੀ ਰਚੀ ਹੈ, ਉਹ (ਗੁਰੂ ਨਾਨਕ ਦੇ) ਗੁਣ ਉਚਾਰ ਰਿਹਾ ਹੈ।

ਬ੍ਰਹਮੰਡ ਖੰਡ ਪੂਰਨ ਬ੍ਰਹਮੁ, ਗੁਣ ਨਿਰਗੁਣ ਸਮ ਜਾਣਿਓ ॥
ਜਪੁ ਕਲ ਸੁਜਸੁ ਨਾਨਕ ਗੁਰ, ਸਹਜੁ ਜੋਗੁ ਜਿਨਿ ਮਾਣਿਓ ॥ ੯ ॥

ਅਰਥ :

ਜਿਸ ਗੁਰੂ ਨਾਨਕ ਨੇ ਅਡੋਲ ਅਵਸਥਾ ਨੂੰ ਅਤੇ ਅਕਾਲ ਪੁਰਖ ਦੇ ਮਿਲਾਪ ਨੂੰ ਮਾਣਿਆ ਹੈ, ਜਿਸ ਗੁਰੂ ਨਾਨਕ ਨੇ ਸਾਰੀ ਦੁਨੀਆਂ ਵਿਚ ਹਾਜ਼ਰ-ਨਾਜ਼ਰ ਅਕਾਲਪੁਰਖ ਨੂੰ ਸਰਗੁਣ ਅਤੇ ਨਿਰਗੁਣ ਰੂਪਾਂ ਵਿਚ ਇਕੋ ਜਿਹਾ ਪਛਾਣਿਆ ਹੈ, ਹੇ ਕਲ, ਉਸ ਗੁਰੂ ਨਾਨਕ ਦੇ ਸੋਹਣੇ ਗੁਣਾਂ ਨੂੰ ਯਾਦ ਕਰ ॥ ੯ ॥

ਗੁਣ ਗਾਵਹਿ ਨਵ ਨਾਥ, ਧੰਨ ਗੁਰ ਸਾਚਿ ਸਮਾਇਓ ॥
ਮਾਂਧਾਤਾ ਗੁਣ ਰਵੈ, ਜੇਨ ਚਕ੍ਰਵੈ ਕਹਾਇਓ ॥

ਅਰਥ :

ਨੌ ਨਾਥ (ਭੀ) ਗੁਰੂ ਨਾਨਕ ਦੇ ਗੁਨ ਗਾਂਦੇ ਹਨ [ਅਤੇ ਆਖਦੇ ਹਨ], "ਗੁਰੂ ਨਾਨਕ ਧੰਨ ਹੈ ਜੋ ਸੱਚੇ ਹਰੀ ਵਿਚ ਜੁੜਿਆ ਹੋਇਆ ਹੈ।" ਜਿਸ ਮਾਂਧਾਤਾ ਨੇ ਆਪਣੇ ਆਪ ਨੂੰ ਚੱਕ੍ਰਵਰਤੀ ਰਾਜਾ ਅਖਵਾਇਆ ਸੀ, ਉਹ ਭੀ ਗੁਰ ਨਾਨਕ ਦੇ ਗੁਣ ਉਚਾਰ ਰਿਹਾ ਹੈ।

ਗੁਣ ਗਾਵੈ ਬਲਿਰਾਉ, ਸਪਤ ਪਾਤਾਲਿ ਬਸੰਤੌ ॥
ਭਰਥਰਿ ਗੁਣ ਉਚਰੈ, ਸਦਾ ਗੁਰ ਸੰਗਿ ਰਹੰਤੌ ॥

ਅਰਥ :

ਸਤਵੇਂ ਪਾਤਾਲ ਵਿਚ ਵਸਦਾ ਹੋਇਆ ਰਾਜਾ ਬਲਿ [ਗੁਰੂ ਨਾਨਕ ਦੇ] ਗੁਣ ਗਾ ਰਿਹਾ ਹੈ। ਆਪਣੇ ਗੁਰੂ ਦੇ ਨਾਲ ਰਹਿੰਦਾ ਹੋਇਆ ਭਰਥਰੀ ਭੀ ਸਦਾ [ਗੁਰੂ ਨਾਨਕ ਦੇ] ਗੁਣ ਉੱਚਾਰ ਰਿਹਾ ਹੈ।

ਦੂਰਬਾ ਪਰੂਰਉ ਅੰਗਰੈ, ਗੁਰ ਨਾਨਕ ਜਸੁ ਗਾਇਓ ॥
ਕਬਿ ਕਲ, ਸੁਜਸੁ ਨਾਨਕ ਗੁਰ, ਘਟਿ ਘਟਿ ਸਹਜਿ ਸਮਾਇਓ ॥ ੧੦ ॥

ਅਰਥ :

ਦੁਰਵਾਸਾ ਰਿਸ਼ੀ ਨੇ, ਰਾਜਾ ਪੁਰੂ ਨੇ ਅਤੇ ਅੰਗਰ ਰਿਸ਼ੀ ਨੇ ਗੁਰੂ ਨਾਨਕ ਦਾ ਜਸ ਗਾਂਵਿਆ ਹੈ। ਹੇ ਕੱਲ ਕਵੀ, ਗੁਰੂ ਨਾਨਕ ਦੀ ਸੋਹਣੀ ਸੋਭਾ ਸੁਤੇ ਹੀ ਹਰੇਕ ਪ੍ਰਾਣੀ-ਮਾਤ੍ਰ ਦੇ ਹਿਰਦੇ ਵਿਚ ਟਿਕੀ ਹੋਈ ਹੈ ॥ ੧੦ ॥

ਸਵੱਈਏ ਮਹਲੇ ਦੂਜੇ ਕੇ

ੴ ਸਤਿਗੁਰ ਪ੍ਰਸਾਦਿ ॥

ਸੋਈ ਪੁਰਖੁ ਧੰਨੁ ਕਰਤਾ, ਕਾਰਣ ਕਰਤਾਰੁ ਕਰਣ ਸਮਰਥੋ ॥
ਸਤਿਗੁਰੂ ਧੰਨੁ ਨਾਨਕੁ, ਮਸਤਕਿ ਤੁਮ, ਧਰਿਓ ਜਿਨਿ ਹਥੋ ॥

ਅਰਥ :

ਧੰਨ ਹੈ ਉਹ ਕਰਤਾਰ ਸਰਬ ਵਿਆਪਕ ਹਰੀ, ਜੋ ਇਸ ਸ੍ਰਿਸ਼ਟੀ ਦਾ ਮੂਲ ਕਾਰਣ ਹੈ, ਸਿਰਜਣ ਵਾਲਾ ਹੈ ਅਤੇ ਸਮਰੱਥਾ ਵਾਲਾ ਹੈ। ਧੰਨ ਹੈ ਸਤਿਗੁਰ ਨਾਨਕ, ਜਿਸ ਨੇ [ਹੇ ਗੁਰੂ ਅੰਗਦ] ਤੇਰੇ ਮੱਥੇ ਉੱਤੇ [ਆਪਣਾ] ਹੱਥ ਰੱਖਿਆ ਹੈ।

ਤ ਧਰਿਓ ਮਸਤਕਿ ਹਥੁ ਸਹਜਿ ॥
ਅਮਿਉ ਵੁਠਉ ਛਜਿ, ਸੁਰਿ ਨਰ ਗਣ ਮੁਨਿ, ਬੋਹਯ ਅਗਾਜਿ ॥
ਮਾਰਿਓ ਕੰਟਕੁ ਕਾਲੁ ਗਰਜਿ, ਧਾਵਤ ਲੀਓ ਬਰਜਿ,
ਪੰਚ ਭੂਤ ਏਕ ਘਰਿ ਰਾਖਿ ਲੇ ਸਮਜਿ ॥

ਅਰਥ :

ਤਦੋਂ ਜਹਿਜੇ ਹੀ [ਗੁਰੂ ਨਾਨਕ ਨੇ ਤੇਰੇ] ਮੱਥੇ ਉਤੇ ਹੱਥ ਰਖਿਆ। [ਤੇਰੇ ਹਿਰਦੇ ਵਿਚ] ਨਾਮ ਅੰਮ੍ਰਿਤ ਛਹਬਰ ਲਾ ਕੇ ਵੱਸ ਪਿਆ, ਜਿਸ ਦੀ ਬਰਕਤਿ ਨਾਲ ਦੇਵਤੇ, ਮਨੁਖ, ਗਣ ਅਤੇ ਰਿਸ਼ੀ ਮੁਨੀ ਪ੍ਰਤੱਖ ਤੌਰ ਤੇ ਭਿੱਜ ਗਏ। [ਹੇ ਗੁਰੂ ਅੰਗਦ] ਤੂੰ ਦੁਖਦਾਈ ਕਾਲ ਨੂੰ ਆਪਣਾ ਬਲ ਵਿਖਾ ਕੇ ਨਾਸ ਕਰ ਦਿੱਤਾ, ਆਪਣੇ ਮਨ ਨੂੰ ਭਟਕਣ ਤੋਂ ਰੋਕ ਲਿਆ, ਅਤੇ ਕਾਮਾਦਿਕ ਪੰਜਾਂ ਨੂੰ ਹੀ ਇਕ ਥਾਂ ਇਕੱਠਾ ਕਰ ਕੇ ਕਾਬੂ ਕਰ ਲਿਆ।

ਜਗੁ ਜੀਤਉ ਗੁਰਦੁਆਰਿ, ਖੇਲਹਿ ਸਮਤ ਸਾਰਿ,
ਰਥੁ ਉਨਮਨਿ ਲਿਵ, ਰਾਖਿ ਨਿਰੰਕਾਰਿ ॥
ਕਹੁ ਕੀਰਤਿ ਕਲਸਹਾਰ, ਸਪਤ ਦੀਪ ਮਝਾਰ,
ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ ॥ ੧ ॥

ਅਰਥ :

[ਹੇ ਗੁਰੂ ਅੰਗਦ !] ਗੁਰੂ [ਨਾਨਕ] ਦੇ ਦਰ ਤੇ ਪੈ ਕੇ ਤੂੰ ਜਗਤ ਨੂੰ ਜਿੱਤ ਲਿਆ ਹੈ, ਤੂੰ ਸਮਤਾ ਦੀ ਬਾਜ਼ੀ ਖੇਲ ਰਿਹਾ ਹੈਂ, [ਭਾਵ, ਤੂੰ ਸਭ ਨੂੰ ਇਕ ਦ੍ਰਿਸ਼ਟੀ ਨਾਲ ਵੇਖ ਰਿਹਾ ਹੈਂ]। ਨਿਰੰਕਾਰ ਵਿਚ ਲਿਵ ਰੱਖਣ ਕਰਕੇ ਤੇਰੀ ਬ੍ਰਿਤੀ ਦਾ ਪ੍ਰਵਾਹ ਪੂਰਨ ਖਿੜਾਉ ਦੀ ਅਵਸਥਾ ਵਿਚ ਟਿਕਿਆ ਰਹਿੰਦਾ। ਹੇ ਕਲ ਸਹਾਰ ! ਆਖ "ਹਰੀ ਰੂਪ ਜਗਤ ਦੇ ਗੁਰੂ [ਨਾਨਕ ਦੇਵ ਜੀ] ਨੂੰ ਪਰਸ ਕੇ [ਭਾਵ, ਗੁਰੂ ਨਾਨਕ ਦੀ ਚਰਨੀਂ ਲੱਗ ਕੇ] ਲਹਣੇ ਦੀ ਸੋਭਾ ਸਾਰੇ ਸੰਸਾਰ ਵਿਚ ਫੈਲ ਰਹੀ ਹੈ" ॥ ੧ ॥

# ਗੁਰੂ ਨਾਨਕ ਸੰਬੰਧੀ ਗੁਰ-ਸ਼ਬਦ

ਮਹਲਾ ੧

ਹਉ ਢਾਢੀ ਵੇਕਾਰੁ ਕਾਰੈ ਲਾਇਆ ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ ।
ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥
ਢਾਢੀ ਕਰੇ ਪਸਾਉ ਸਬਦੁ ਵਜਾਇਆ ॥
ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥ —ਮਾਝ ਵਾਰ

ਮਹਲਾ ੨

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥ ੨ ॥ —ਸ੍ਰੀ ਰਾਗ ਵਾਰ

ਮਹਲਾ ੩

ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ ॥
ਇਹੁ ਕਾਰਣ ਕਰਤਾ ਕਰੇ ਜੋਤੀ ਜੋਤਿ ਸਮਾਇ ॥ — ਗੂਜਰੀ ਘਰ ੧

ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ ॥
ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ ॥
ਹਰਿ ਪੁਛਿਆ ਢਾਢੀ ਸਦਿ ਕੈ ਕਿਤੁ ਅਰਥਿ ਤੂੰ ਆਇਆ ॥
ਨਿਤ ਦੇਵਹੁ ਦਾਨੁ ਦਇਆਲ ਪ੍ਰਭ ਹਰਿਨਾਮ ਧਿਆਇਆ ॥
ਹਰਿ ਦਾਤੈ ਹਰਿਨਾਮੁ ਜਪਾਇਆ ਨਾਨਕੁ ਪੈਨਾਇਆ ॥ —ਸ੍ਰੀ ਰਾਗ ਕੀ ਵਾਰ

ਮਹਲਾ ੪

ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥ —ਆਸਾ ਛੰਤ ਘਰ ੧

ਹਰਿ ਗੁਰ ਵਿਚਿ ਆਪੁ ਰਖਿਆ ਹਰਿ ਮੇਲੇ ਗੁਰ ਸਾਬਾਸਿ ॥ —ਮਾਰੂ

ਸਤਿਗੁਰ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ ॥
ਨਾਨਕ ਭਾਗ ਭਲੇ ਤਿਸੁ ਜਨ ਕੇ ਜੋ ਹਰਿ ਚਰਣੀ ਚਿਤੁ ਲਾਵੈ ॥ —ਮਲਾਰ

ਮਹਲਾ ੫

ਹਰਖ ਅਨੰਤ ਸੋਗ ਨਹੀ ਬੀਆ ॥
ਸੋ ਘਰੁ ਗੁਰਿ ਨਾਨਕ ਕਉ ਦੀਆ ॥ —ਰਾਗ ਗਉੜੀ ਗੁਆਰੇਰੀ

ਸਫਲ ਮੂਰਤਿ ਗੁਰਦੇਉ ਸੁਆਮੀ ਸਰਬ ਕਲਾ ਭਰਪੂਰੇ ॥
ਨਾਨਕ ਗੁਰੁ ਪਾਰਬ੍ਰਹਮੁ ਪਰਮੇਸਰੁ ਸਦਾ ਸਦਾ ਹਜੂਰੇ ॥ —ਬਿਲਾਵਲ

ਅਰਦਾਸਿ ਸੁਣੀ ਦਾਤਾਰਿ ਪ੍ਰਭਿ ਢਾਢੀ ਕਉ ਮਹਲਿ ਬੁਲਾਵੈ ॥
ਪ੍ਰਭ ਦੇਖਦਿਆਂ ਦੁਖ ਭੁਖ ਗਈ ਢਾਢੀ ਕਉ ਮੰਗਣੁ ਚਿਤਿ ਨਾ ਆਵੈ ॥

—ਮਾਰੂ ਡਖਣੇ ਵਾਰ, ਪਉੜੀ

ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥
ਪ੍ਰਗਟਿ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥ —ਸੋਰਠਿ

ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥
ਗੁਰ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ —ਸੋਰਠਿ

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥ —ਸੂਹੀ

ਧਰਣਿ ਸੁਵੰਨੀ ਖੜ ਰਤਨ ਜੜਾਵੀ ਹਰਿ ਪ੍ਰੇਮ ਪੁਰਖੁ ਮਨਿ ਵੁਠਾ ॥
ਸਭੇ ਕਾਜ ਸੁਹੇਲੜੇ ਥੀਏ ਗੁਰੁ ਨਾਨਕੁ ਸਤਿਗੁਰੁ ਤੁਠਾ ॥ —ਸਲੋਕ

ਏਕ ਬੂੰਦ ਗੁਰ ਅੰਮ੍ਰਿਤੁ ਦੀਨੋ ਤਾ ਅਟਲੁ ਅਮਰੁ ਨਾ ਮੁਆ ॥
ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲ ਨ ਲਇਆ ॥ —ਸੋਰਠਿ

ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ ॥
ਆਠ ਪਹਰ ਨਾਨਕ ਗੁਰ ਜਾਪਿ ॥ —ਆਸਾ

ਚਿੰਤ ਅਚਿੰਤਾ ਸਗਲੀ ਗਈ ॥
ਪ੍ਰਭੁ ਨਾਨਕ ਨਾਨਕ ਨਾਨਕ ਮਈ ॥ —ਭੈਰਉ

ਸੋਲਹ ਕਲਾ ਸੰਪੂਰਨ ਫਲਿਆ ॥ ਅਨੰਤ ਕਲਾ ਹੋਇ ਠਾਕੁਰੁ ਚੜਿਆ ॥
ਅਨਦ ਬਿਨੋਦ ਹਰਿ ਨਾਮਿ ਸੁਖ ਨਾਨਕ ਅੰਮ੍ਰਿਤ ਰਸੁ ਹਰਿ ਭੁੰਚਨਾ ॥ —ਮਾਰੂ

**ਬਲਵੰਡ ਅਤੇ ਸਤਾ**

ਨਾਉ ਕਰਤਾ ਕਾਦਰੁ ਕਰੇ ਕਿਉ ਬੋਲੁ ਹੋਵੈ ਜੋ ਖੀਵਦੈ ॥
ਦੇਗੁਨਾ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨੁ ਪੜੀਵਦੈ ॥
ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵਦੈ ॥

... ... ...

ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ ਮੁਰਟੀਐ ॥ —ਰਾਮ ਕਲੀ ਵਾਰ

---

# ਪਾਠਕ ਜੀਓ !

**ਮਾਸਕ ਪੱਤਰ 'ਅਜੂਨੀ' ਤਿੰਨ ਸਾਲ ਤੋਂ ਤੁਹਾਡੀ ਸੇਵਾ ਵਿਚ ਪਹੁੰਚ ਰਿਹਾ ਹੈ।**

**ਇਹਦੇ ਬਾਰੇ ਤੁਸੀਂ ਕੀ ਰਾਇ ਰਖਦੇ ਹੋ ?**

**ਆਪਣੀ ਰਾਇ ਲਿਖ ਭੇਜਣੀ।**

**—ਮੈਨੇਜਰ**

# ਬਾਬਾ ਸਾਹਿਬ ਸਿੰਘ ਜੀ ਬੇਦੀ ਦਾ ਦਰਬਾਰ ਊਨੇ ਸਾਹਿਬ ਵਿਚ

(ਗਿਆਨੀ ਦਇਆ ਸਿੰਘ ਦਿਲਬਰ)

ਬਾਬਾ ਸਾਹਿਬ ਸਿੰਘ ਨੇ ਦਰਬਾਰ ਲਗਾਇਆ।
ਸੰਗਤਾਂ ਆਈਆਂ ਦੂਰ ਤੋਂ ਦੀਵਾਨ ਸਜਾਇਆ।
ਰਾਗੀ ਬਾਣੀ ਗਾਂਵਦੇ ਵਾਹ ਸਮਾਂ ਸੁਹਾਇਆ।
ਜਾਪ ਹੋਵੇ ਸਤਿਨਾਮ ਦਾ ਆਨੰਦ ਸੀ ਛਾਇਆ।
ਆਸਨ ਉਤੇ ਸੋਭਦਾ ਸਰੂਪ ਕੌਰ ਦਾ ਜਾਇਆ।
ਹਥ ਵਿਚ ਮਾਲਾ, ਗਾਤਰੇ ਖੰਡਾ ਲਟਕਾਇਆ।
ਆਸਾ ਜੀ ਦੀ ਵਾਰ ਦਾ ਜਦ ਭੋਗ ਸੀ ਪਾਇਆ।
ਉਠ ਕੇ ਸਿਖ ਇਕ ਸਭਾ ਵਿਚ ਰੋਇਆ ਕੁਰਲਾਇਆ।
ਕਹਿੰਦਾ ਮੈਂ ਫ਼ਰਿਆਦ ਹਾਂ, ਇਕ ਲੈ ਕੇ ਆਇਆ।
ਬਾਬਾ ਜੀ ਨੂੰ 'ਦਿਲਬਰਾ', ਇਉਂ ਹਾਲ ਸੁਣਾਇਆ।

## ਸਿਖ ਨੇ ਫਰਿਆਦ ਕਰਨੀ

ਹਥ ਜੋੜ ਕੇ ਸਿਖ ਨੇ ਅਰਜ਼ ਕੀਤੀ,
ਜ਼ਾਲਮ ਬੜਾ ਮਲੇਰੀਆ ਖਾਨ ਬਾਬਾ।
ਪਾਪੀ ਗਊ ਗਰੀਬ ਨੂੰ ਦੁਖ ਦੇਵੇ,
ਕਿਵੇਂ ਕਰਾਂ ਮੈਂ ਜ਼ੁਲਮ ਬਿਆਨ ਬਾਬਾ।
ਸਤ ਛੱਡਦਾ ਨਹੀਂ ਸਤਵੰਤੀਆਂ ਦਾ,
ਅੱਤ ਚਾਈ ਏ ਬੜੀ ਸ਼ੈਤਾਨ ਬਾਬਾ।
ਚੋਵੇ ਖੂਨ, ਗਰੀਬਾਂ ਨਿਤਾਣਿਆਂ ਦਾ,
ਰੋ ਰੋ ਕੇ ਦੁਖੀਏ ਕੁਰਲਾਣ ਬਾਬਾ।
ਉਹਨੇ ਕਈਆਂ, ਮੁਟਿਆਰਾਂ ਦੀ ਪੱਤ ਲੁਟੀ,
ਦਸ ਸਕਦੀ ਨਹੀਂ ਜ਼ਬਾਨ ਬਾਬਾ।
ਉਹਦੀ ਸੇਜ ਤੇ ਕਈਆਂ ਸੁਹਾਗਣਾਂ ਦੇ,
ਲੁਟੇ ਗਏ ਨੇ ਧਰਮ ਈਮਾਨ ਬਾਬਾ।
ਕਈਆਂ ਸਧਰਾਂ ਦੇ, ਫੁਲ ਖਾਕ ਰੁਲ ਗਏ,
ਰੀਝਾਂ ਹੋ ਗਈਆਂ, ਲਹੂ ਲੁਹਾਨ ਬਾਬਾ।
ਉਹਦੇ ਵਡਿਆਂ ਸਰਸਾ, ਦੇ ਜੰਗ ਵਿਚੋਂ,
ਫੜੀ ਬੀਬੀ ਇਕ, ਸਿੰਘਾਂ ਦੀ ਆਨ ਬਾਬਾ।
ਬੜੇ ਕਸ਼ਟ ਦਿਤੇ, ਸਿਦਕੋਂ ਨਹੀਂ ਡੋਲੀ,
ਮਾਰ ਦਬ ਦਿਤੀ, ਕਬਰਸਤਾਨ ਬਾਬਾ।
ਲਾਜ ਸਿਖ ਨੂੰ, 'ਦਿਲਬਰਾ' ਲਗ ਜਾਸੀ,
ਜੇ ਨਾ ਕੱਢੀ, ਮਿਆਨੋ ਕਿਰਪਾਨ ਬਾਬਾ।

ਅਜਨੀ

## ਬਾਬੇ ਸਾਹਿਬ ਸਿੰਘ ਦੀ ਚੜ੍ਹਾਈ

ਸੁਣਕੇ ਬਾਬਾ ਸਾਹਿਬ ਸਿੰਘ, ਹੋਇਆ ਲਾਲੋ ਲਾਲ ।
ਚਿਹਰੇ ਉਤੇ ਆ ਗਿਆ, ਪਲ ਵਿਚ ਨਵਾਂ ਜਲਾਲ ।
ਜੋਸ਼ ਨੇ ਠਾਠਾਂ ਮਾਰੀਆਂ, ਲੱਗਾ ਔਣ ਭੁਚਾਲ ।
ਰੂਹ ਵਿਚ ਆਕੇ ਗਰਜਿਆ, ਕੰਬੇ ਸੱਤ ਪਾਤਾਲ ।
ਅੱਖਾਂ ਅੱਗੇ ਆ ਗਏ, ਬੀਤੇ ਪਿਛਲੇ ਸਾਲ ।
ਬੀਬੀ ਇਕ ਮੁਟਿਆਰ ਸੀ, ਦਸਮ ਗੁਰੂ ਦੇ ਨਾਲ ।
ਸਰਸਾ ਕੰਢੇ ਵਿਛੜੀ, ਵੇਖ ਸਮੇਂ ਦੀ ਚਾਲ ।
ਹਥ ਕਸਾਈਆਂ ਆ ਗਈ, ਲੈ ਗਏ ਬੰਨ ਚੰਡਾਲ ।
ਕੈਦ ਰਖੀ ਜਰਵਾਣਿਆਂ, ਕੀਤੇ ਕਈ ਸਵਾਲ ।
ਛੱਡਿਆ ਨਾ ਉਸ ਧਰਮ ਨੂੰ, ਜਪਦੀ ਰਹੀ ਅਕਾਲ ।
ਤੀਰਾਂ ਦੇ ਨਾਲ ਵਿੰਨ ਕੇ, ਕੀਤਾ ਮੰਦਾ ਹਾਲ ।
ਦੱਬੀ ਸੀ ਵਿਚ ਕਬਰ ਦੇ, ਮਿਟੀ ਦਿਤੀ ਡਾਲ ।
ਕੋਈ ਨਾ ਸੂਰਾ ਬਹੁੜਿਆ, ਹੱਡੀਆਂ ਲਵੇ ਨਿਕਾਲ ।
ਬੇਦੀ ਬਾਬਾ ਉਠਿਆ, ਉਸ ਚੰਡੀ ਲਈ ਸੰਭਾਲ ।
ਸਿਖੀ ਅਣਖ ਵੰਗਾਰਿਆ, ਆਇਆ ਖੂਨ ਉਬਾਲ ।
ਕਰੋ ਚੜ੍ਹਾਈ ਕੋਟਲੇ, ਕੀਤਾ ਹੁਕਮ ਕਮਾਲ ।
ਜ਼ਾਲਮ ਦਾ ਹੁਣ 'ਦਿਲਬਰਾ' ਔਣ ਲੱਗਾ ਈ ਕਾਲ ।

## ਸਿੰਘਾਂ ਤੇ ਤੁਰਕਾਂ ਦਾ ਜੰਗ

ਜੁੱਟੇ ਆਮੋ ਸਾਹਮਣੇ ਦਲ ਦੋਵੇਂ ਆ ਕੇ ।
ਤੁਰਕਾਂ ਹੱਲਾ ਬੋਲਿਆ ਟਿੱਲ ਸਾਰਾ ਲਾ ਕੇ ।
ਸਿੰਘ ਵੀ ਪੈ ਗਏ ਟੁੱਟ ਕੇ ਰਣਜੀਤ ਵਜਾਕੇ ।
ਬੇਦੀ ਬਾਬਾ ਗੱਜਿਆ ਦਿਲ ਗੁਸਾ ਖਾ ਕੇ ।
ਤੇਗਾਂ ਰਣ ਵਿਚ ਚੱਲੀਆਂ ਲਿਸ਼ਕਾਰਾਂ ਪਾ ਕੇ ।
ਦੁਸ਼ਮਣ ਡੇਗਣ ਧਰਤ ਤੇ ਸਿੰਘ ਚੱਕਰ ਚਲਾ ਕੇ ।
ਤੀਰ ਛਾਤੀਆਂ ਵਿੰਨ੍ਹਦੇ ਗਲ ਮਿਲਦੇ ਧਾ ਕੇ ।
ਤੋਪਾਂ ਧਰਤ ਹਿਲਾ ਦਿਤੀ ਆਕਾਸ਼ ਗੂੰਜਾ ਕੇ ।
ਵਹਿਣ ਵਗਾਏ ਲਹੂ ਦੇ ਰਣ ਜੁਧ ਮਚਾ ਕੇ ।
ਆਖਰ ਨੱਸੇ ਮਲੇਰੀਏ ਰਣ ਪਿੱਠ ਵਖਾ ਕੇ ।
ਬੰਨਿਆ ਖਾਨ ਅਤਾਉਲਾ ਹਥਕੜੀਆਂ ਲਾ ਕੇ ।
ਸਜ਼ਾ ਗੁਨਾਹਾਂ ਦੀ ਦਿਲਬਰਾ ਛਡੀ ਭੁਗਤਾ ਕੇ ।

ਬਾਬਾ ਸਾਹਿਬ ਸਿੰਘ ਜੀ ਬੇਦੀ ਨੇ ਜੰਗ ਕੀਤਾ, ਫ਼ਤਹ ਪਾਈ । ਬੀਬੀ ਦੀਆਂ ਹੱਡੀਆਂ ਕਬਰ ਵਿਚੋਂ ਕੱਢ ਕੇ ਸਸਕਾਰ ਕੀਤਾ ਅਤੇ ਪਾਪੀ ਅਤਾਉਲਾ ਖਾਨ ਨੂੰ ਕੀਤੇ ਕਰਮਾਂ ਦੀ ਸਜ਼ਾ ਦਿਤੀ ।

# ਦਰਖ਼ਤ ਦੀ ਛਾਂ ਨਾ ਢਲਨੀ

(ਜਨਮਸਾਖੀ ਮਿਹਰਵਾਨ ਜੀ ਸੋਢੀ)

[ ਸੰਪਾਦਕ ਪ੍ਰੋ. ਕਿਰਪਾਲ ਸਿੰਘ ਜੀ ]

## ਗੋਸਟਿ ਗੁਰੂ ਬਾਬੇ ਨਾਨਕ ਜੀ ਕੀ (ਰਾਇ ਬੁਲਾਰ ਨਾਲ)

ਜਦ ਗੁਰੂ ਬਾਬਾ ਨਾਨਕੁ ਜੀ ਤੇਰਹ ਚਉਦਹ ਬਰਸਾ ਕਾ ਭਇਆ ਤਬ ਦਾਦੇ ਕਹਿਆ ਜਿ, ਬਚਾ ਨਾਨਕ ! ਅਜੁ ਹਾਲੀ ਪਾਲੀ ਰਖੇ ਸਭਿ ਜਿਮੀ ਗੋਡਣ ਗਏ ਹੈ, ਬਚਾ ! ਤੂ ਖੇਤੁ ਦੇ ਬੰਨੇ ਜਾਇ ਖੜਾ ਹੋਹਿ ਜਿ ਚਿੜੀਆਂ ਖੇਤੁ ਖਾਇ ਨਾ ਜਾਨੀ।'' ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, ''ਜੀ, ਭਲਾ ਹੋਵੈ''। ਦਾਦੇ ਕਾਲੂ ਕਹਿਆ ਜਿ, ''ਜਾਹਿ ਪਿਛ ਬਚਾ ਨਾਨਕਾ ! ਖੇਤ੍ਰ ਰਖਾ''। ਤਬ ਗੁਰੂ ਬਾਬਾ ਨਾਨਕੁ ਜੀ ਖੇਤ੍ਰ ਕਣਕ ਦਾ ਰਖਾ ਚਲਿਆ। ਰਖੇ ਦੀ ਖੰਭਾਣੀ ਲੈ ਕਰਿ ਜਾਇ ਖੇਤ੍ਰ ਫੇਰਾ ਦਿਤੋਸੁ। ਦੇ ਕਰਿ ਫੇਰਾ ਖੇਤ੍ਰ ਦੇ ਬੰਨੇ ਇਕੁ ਬਿਰਖ ਥਾ, ਤਬ ਗੁਰੂ ਬਾਬਾ ਨਾਨਕੁ ਜੀ ਉਸ ਰੁਖ ਹੇਠਿ ਜਾਇ ਕਰਿ ਪੈ ਸੁਤਾ। ਤਬ ਰਾਇ ਭੋਆ ਉਸੁ ਰਾਹਿ ਅਸਵਾਰ ਹੋਆ ਜਾਇ ਨਿਕਲਿਆ। ਰਾਇ ਭੋਐ ਨਫਰ ਕੋ ਕਹਿਆ ਜਿ, ''ਦੇਖੋ, ਯਾਰੋ ਕੋਈ ਏਹੁ ਜਿ ਹੈ ਸਿ ਸਬਾਹ ਦੈ ਹੀ ਪਹਰਿ ਸੰਵਿ ਰਹਿਆ ਹੈ। ਦੇਖਹੁ ! ਦਿਖਾ ! ਏਹ ਕਉਣ ਸੁਤਾ ਹੈ ?''

ਓਹੁ ਨਫਰੁ ਜਾਂ ਦਵੜਿ ਕਰਿ ਦੇਖਨਿ ਤਬ ਕਾਲੂ ਵੇਦੀ ਦਾ ਪੁਤ੍ਰ ਸੁਤਾ ਪੜਿਆ ਹੈ। ਤਬ ਉਨਿ ਨਫਰਿ ਕਹਿਆ ਜਿ, ''ਰਾਇ ਜੀ ! ਕਾਲੂ ਵੇਦੀ ਦਾ ਪੁਤ੍ਰ ਸੁਤਾ ਪੜਿਆ ਹੈ''। ਤਬ ਰਾਇ ਭੋਐ ਕਹਿਆ ਜਿ, ''ਸੁਤਾ ਰਹਿਣ ਦੇਹਿ ਕਿਛੁ ਨ ਕਹੁ''। ਤਬ ਰਾਉ ਭੋਆ ਚਲਦੋ ਰਹਿਆ। ਪਹਰ ਕੁ ਦਿਨੁ ਰਹਦੇ ਨੋ ਰਾਉ ਭੋਆ ਭਵੀ ਫੇਰਿ ਓਤੈ ਰਾਹਿ ਆਇਆ। ਜਾ ਦਖੇ ਤਾਂ ਫੇਰਿ ਓਸੈ ਰੁਖ ਹੇਠਿ ਪੈਆ ਹੈ ਸੁਤਾ। ਓਤੈ ਇਕ ਤੈ ਪਾਸਿ ਹੈ। ਤਬ ਰਾਇ ਭੋਐ ਕਹਿਆ ਜਿ, ''ਯਾਰੋ ਏਹੁ ਓਹੋ ਸੁਤਾ ਹੈ ਕਿ ਕੋਈ ਹੋਰੁ ਹੈ ਸੁਤੜੁ''। ਜਾ ਓਹਿ ਨਫ਼ਰ ਦਉੜਿ ਕਰਿ ਦੇਖਨਿ ਤਾਂ ਨਾਨਕੁ ਹੀ ਸੁਤਾ ਪੈਆ ਹੈ; ਕਹੈ, ''ਜੀ, ਓਹੋ ਹੀ ਸੁਤਾ ਪੈਆ ਹੈ ਕਾਲੂ ਦਾ ਪੁਤ੍ਰ''। ਕਹੈ, ''ਜੀਵਦਾ ਹੈ ਕਿ ਨਾ ?'' ਕਹੈ, ''ਜੀ, ਸਾਸੁ ਤਾ ਹੈਸੁ''। ਤਬ ਰਾਉ ਭੋਆ ਘੋੜਿਅਹੁ ਉਤਰਿ ਕਰਿ ਗੁਰੂ ਬਾਬੇ ਨਾਨਕ ਉਪਰਿ ਆਇ ਖੜਾ ਹੋਆ। ਜਾ ਦੇਖੈ ਤਾ ਹੋਰਨਾਂ ਰੁਖਾਂ ਦੀ ਛਾਂਵ ਚਲਿ ਜਾਈ ਹੈ, ਜਿਸੁ ਰੁਖ ਹੇਠ ਗੁਰੂ ਬਾਬਾ ਨਾਨਕੁ ਜੀ ਸੁਤਾ ਥਾ, ਉਸੁਬਿਰਖ ਦੀ ਛਾਇਆ ਗੁਰੂ ਬਾਬੇ ਨਾਨਕ ਓਪਰਿ ਖੜੀ ਹੋਇ ਰਹੀ ਹੈ ਦੇਖਿ ਕਰਿ ਰਾਉ ਭੋਆ ਹੈਰਾਨ ਹੋਇ ਗੈਆ ਜਿ, ''ਯਾਰੋ, ਦੇਖਹੁ ਤੋ ਕੁਦਰਤਿ ਖੁਦਾਇ ਦੀ ਏਸੁ ਬਾਲਕ ਉਪਰਿ ਛਾਂਵ ਟਿਕੀ ਖੜੀ ਹੈ, ਹੋਰਨਾਂ ਰੁਖਾਂ ਦੀ ਛਾਵ ਚਲਿ ਗਈ ਹੈ। ਅਰੁ ਜਿਤੁ ਪਾਸਿ ਪੈਆ ਹੈ ਓਹੋ ਬਾਲਕੁ ਓਤੈ ਹੀ ਪਾਸਿ ਪੈਆ ਹੈ, ਪਾਸੁ ਪਉਟਿਆ ਮੁਤਲਕਿ ਨਾਹੀ। ਵਡਾ ਹੈਰਾਨੁ ਹੋਆ ਹੈ ਕੋਈ ਵਲੀ ਖਦਾਇ ਏਹੁ ਪੈਦਾ ਕੀਤਾ ਹੈ। ਏਹੁ ਸਿਧਾ ਮਨੁਖੁ ਨਾਹੀ''। ਦੇਖਿ ਕਰਿ ਰਾਉ ਭੋਆ ਹੈਰਾਨੁ ਹੋਆ, ਸਿਫਤਿ ਸਾਹਿਬ ਦੀ ਲਗਾ ਕਰਨੇ ਜਿ, ''ਵਾਹੁ ਖੁਦਾਇ ! ਵਾਹੁ ਖੁਦਾਇ ! ਤੇਰੀ ਕੁਦਰਤਿ ਕਉ ਕੁਰਬਾਨੁ। ਤੈ ਏਹੁ ਤਮਾਸਾ ਵੇਖਾਲਿਆ ਤੇਰੇ ਤਮਾਸੇ ਤੇ ਹਉ ਕੁਰਬਾਨੁ ਜਾਂ।''

ਹੈਰਾਨ ਹੋਇ ਕਰਿ ਰਾਉ ਭੋਆ ਖੜਾ ਹੋਆ ਤਾਂ, ਤਾਂ ਤੋੜੀ ਗੁਰੂ ਬਾਬਾ ਨਾਨਕੁ ਵਾਹੁ ਵਾਹੁ ਕਰਿ ਕੇ ਉਠਿ ਬੈਠਾ, ਰਾਉ ਭੋਆ ਜਾਇ ਪੈਰੀ ਪੈਆ। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, ''ਆਉ ਰਾਇ ਜੀ ! ਖੁਦਾਇ ਤੇਰਾ ਭਲਾ ਕਰੈਗਾ।'' ਜਾ ਦੇਖੇ ਰਾਉ ਭੋਆ ਗੁਰੂ ਬਾਬੇ ਨਾਨਕ ਦੇ ਦਰਸ਼ਨ ਦੀ ਤਰਫ, ਓੜਕੁ ਧੁਰਿ ਧਿਰਿ ਕਿਛੁ ਨਾਹੀ ਅਗਾਹੁ ਵਸਤੂ ਹੈ, ਅਨੂਪ ਦਰਸਨੁ ਹੈ। ਉਹੁ ਜਿ ਛਾਂਵ ਸੀ ਸਿ ਉਬਾਊ ਜਾਇ ਖੜੀ ਹੋਈ। ਤਬ ਰਾਇ ਭੋਐ ਓਹੁ ਭੀ ਤਮਾਸਾ ਅਖੀ ਡਿਠਾ, ਦੇਖਿ ਕਰਿ ਸਿਰੁ ਫੇਰਿਓਸੁ, ਹੈਰਾਨੁ ਹੋਇ ਗੈਆ। ਤਬ ਰਾਇ ਭੋਐ ਕਹਿਆ ਜਿ, ''ਏ ਨਾਨਕ !

ਅਜਰੁ ਹੈ ਰਾਨੁ ਡਿਠਾ । ਸਬਾਹ ਅਸੀਂ ਏਤੁ ਰਾਹਿ ਗਏ ਤਾਂ ਭੀ ਸੋਏ ਦੇਖੇ ਜਾਂ ਹੁਣਿ ਅਸੀਂ ਆਇ ਤਾਂ ਭੀ ਤੁਸੀ ਸੋਏ ਹੀ ਦੇਖੇ । ਅਜਬੁ ਹੈਰਾਨੁ ਦੇਖਿਆ ਖੁਦਾਇ ਕਾ" । ਤਬ ਗੁਰੂ ਬਾਬਾ ਨਾਨਕੁ ਜੀ ਗਵੜੀ ਰਾਗ ਮਹਿ ਬਾਨੀ ਬੋਲਿ ਉਠਾ, ਉਪਦੇਸੀ ਬਾਨੀ ਤਰੀਕਤਿ ਕੈ ਘਰਿ ਮਹਿ ਜਿ ।

ਰੈਨਿ ਗਵਾਈਐ ਸੋਇ ਕਰਿ, ਦਿਵਸੁ ਗਵਾਇਆ ਖਾਇ ।
ਹੀਰੇ ਜੈਸਾ ਜਨਮੁ ਹੈ ਕਵਡੀ ਬਦਲੈ ਜਾਇ ॥ ੧ ॥
ਨਾਮੁ ਨ ਜਾਨਿਆ ਖਸਮ ਕਾ ਫਿਰਿ ਪਾਛੈ ਪਛੁਤਾਹੁਗੇ । ਰਹਾਉ ।

ਤਿਸੁ ਕਾ ਪਰਮਾਰਥ:—

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਸੁਣੀਐ ਰਾਇ ਜੀ ! ਏਸੁ ਮਨ ਨੂੰ ਅਠਾਂ ਪਹਿਰਾਂ ਵਿਚਿ ਸੁਤੇ ਹੀ ਗੁਦਰਦੀ ਹੈ ਦਿਨੁ ਰਾਤਿ । ਚਾਰਿ ਪਹਰ ਦਿਨੁ ਖਾਣ ਪੀਣ ਕੀ ਧਵਰਤਾ ਵਿਚਿ ਜਾਂਦਾ ਹੈ, ਰਾਤਿ ਸੁਤੇ ਵਿਹਾਵਦੀ ਹੈ । ਏਹੁ ਜਿ ਏਸ ਕਾ ਜਨਮੁ ਥਾ ਸਿ ਅਮੋਲਕੁ ਹੀਰਾ ਥਾ । ਏਸੁ ਮਾਇਆ ਕੀ ਪਰਕਿਰਤਿ ਜਿ ਹੈ ਸਿ ਕਵਡੀ ਹੈ । ਏਸੁ ਕਵਡੀ ਕੈ ਸੰਗਿ ਏਨਿ ਮਨੁਖਿ ਜਨਮੁ ਗਵਾਇਆ । ਸਾਹਿਬ ਕਾ ਨਾਮੁ ਵਿਸਰਿ ਗੈਆ । ਸਾਹਿਬ ਜਾਣਿਓ ਨਾਹੀ, ਅੰਤਿ ਕਾਲਿ ਏਸੁ ਮਨੁਖ ਪਛਤਾਵਣਾ ਹੈ । ਪਣੁ ਹੁਣਿ ਏਹੁ ਸਮਝਦਾ ਨਾਹੀ । ਜਾ ਸਾਹਿਬ ਕਾ ਨਾਮੁ ਸਿੰਞਾਣਿ ਕਰਿ ਸਿਮਰੈ ਤਬ ਦਰਗਹ ਮਾਨੁ ਪਾਵੈ" । ਤਬ ਰਾਇ ਭੋਐ ਕਹਿਆ ਜਿ, "ਏ ਨਾਨਕ ਜੀ ! ਜਿਸੁ ਧਨ ਕੰਉ ਏਹੁ ਬੰਦਾ ਦਉੜਦਾ ਹੈ ਏਹੁ ਧਨੁ ਏਸੁ ਦੈ ਕੰਮਿ ਹੈ ?" ਤਬ ਸ੍ਰੀ ਸਤਿਗੁਰੂ ਬਾਬਾ ਨਾਨਕੁ ਜੀ ਬਾਨੀ ਬੋਲਿ ਉਠਾ ਜਿ:—

ਅਨਤਾ ਧਨੁ ਧਰਨੀ ਧਰਾ ਅਨਤੁ ਨ ਚਾਹਿਆ ਜਾਇ ।
ਅਨਤੁ ਜਿ ਚਾਹਨ ਜੋ ਗਏ ਸਿ ਆਏ ਅਨਤੁ ਗਵਾਇ ॥ ੨ ॥

ਤਿਸੁ ਕਾ ਪਰਮਾਰਥੁ—

ਤਬ ਸ੍ਰੀ ਸਤਿਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਰਾਇ ਜੀ, ਜਿਤਨਾ ਏਹੁ ਧਨ ਧਰਤੀ ਹੇਠਿ ਰਖਦਾ ਹੈ, ਸਭੁ ਅਕਾਰਥਾ ਹੈ, ਏਤੁ ਧਨਿ ਸੰਜਿਐ ਸਾਹਿਬ ਨਾਹੀ ਪਾਵਦਾ । ਸਾਰਿਬ ਕੰਉ ਛੋਡਿ ਕਰਿ ਜੋ ਦੂਜੇ ਕਉ ਜਾਤਾ ਹੈ ਸਿ ਥੋੜੀ ਵਸਤੂ ਕਾਰਨਿ ਬਹੁਤੁ ਵਸਤੁ ਖੋਈ । ਬਿਨਾ ਸਾਹਿਬ ਥੀ ਹੋਰੁ ਵਸਤੁ ਏਸ ਕੈ ਕਾਮਿ ਨਾਹੀ । ਧਨੁ ਨ ਧਰਤਿ ਨ ਧਾਮੁ ਏਸ ਕੈ ਕਾਮਿ ਕਿਛੁ ਨਾਹੀ । ਬਿਨਾ ਖਸਮ ਕੇ ਨਾਵ ਥੀ । ਸਿ ਤਿਸੁ ਖਸਮ ਕੰਉ ਏਹੁ ਜੀਉ ਜਾਣਦਾ ਨਾਹੀ" । ਤਬ ਰਾਇ ਭੋਐ ਕਹਿਆ ਜਿ, "ਏ ਨਾਨਕ ਜੀ ! ਜਿ ਧਨੁ ਤੁਸਾ ਕੰਉ ਖੁਦਾਇ ਦੀਆ ਹੈ ਤਿਸੁ ਥੀ ਕੁਛ ਹਮ ਭੀ ਬਖਰੇਵੰਦ ਹੋਵਹਿ" । ਤਬ ਗੁਰੂ ਬਾਬੇ ਨਾਨਕ ਜੀ ਬਾਨੀ ਬੋਲੀ ਜਿ—

ਆਪਣ ਲੀਆ ਜਿ ਮਿਲੈ ਤਾ ਸਭੁ ਕੋ ਭਾਗਠ ਹੋਇ ॥
ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ ॥ ੩ ॥

ਤਿਸੁ ਕਾ ਪਰਮਾਰਥੁ:—

ਤਬ ਸ੍ਰੀ ਸਤਿਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਏ ਰਾਇ ਜੀ ਏਹੁ ਧਨੁ ਗਨੀਮਤਿ ਖੁਦਾਇ ਦੀ ਹੈ, ਸੁ ਖੁਦਾਇ ਦੇ ਹੀ ਵਸਿ ਹੈ । ਜੇ ਆਪਣੈ ਵਸਿ ਹੋਵੈ ਤਾ ਸਭੁ ਕੋਈ ਭਾਗਠੁ ਹੋਇ ਬੈਠੇ, ਪਰੁ ਏਹੁ ਧਨੁ ਕਰਮਾ ਉਪਰਿ ਹੈ । ਜਿਸ ਕੇ ਕਰਮਿ ਪਇਆ ਹੋਇ ਜਿਸ ਕਉ ਕਰਮੁ ਕਰਿ ਖੁਦਾਇ ਦੇਇ ਸੋਈ ਹੀ ਪਾਵੈ, ਹੋਰੁ ਕੋਈ ਨ ਪਾਵੈ । ਭਾਵੈ ਅਨੇਕ ਜਤਨ ਕਰੈ ਆਪਣਾ ਲੀਆ ਏਹੁ ਧਨੁ ਹਥਿ ਨਾਹੀ ਆਵਤਾ" । ਤਬ ਰਾਇ ਭੋਐ ਕਹਿਆ ਜਿ, "ਏ ਨਾਨਕ ਜੀ ! ਏਸੁ ਬਾਤ ਮਹਿ ਸਕ ਨਾਹੀ, ਏਹੁ ਧਨ ਤਾ ਤੁਸਾ ਨੋ ਹਕ ਤਾਲਹ ਦੇ ਨਿਬੜਿਆ ਹੈ । ਏਹ ਵਡਿਆਈ ਤੁਸਾ ਹੀ ਨੋ ਖੁਦਾਇ ਦਿਤੀ ਹੈ, ਭਾਵੈ ਅਸਾਨੋ ਮਿਹਰਵਾਨੁ ਹੋਹੁ ਭਾਵੈ ਨ ਹੋਹੁ, ਅਸੀ ਤੇਰੇ ਹਹਿ ਜੀ, ਤੈ ਥੀ ਅਸਾਡੀ ਸਾਰ ਖੁਦਾਇ ਕਰਾਏ ਤਾ ਕੀਚੈ । ਤਬ ਸ੍ਰੀ ਸਤਿਗੁਰੂ ਬਾਬੇ ਨਾਨਕ ਜੀ ਬਾਨੀ ਬੋਲੀ ਜਿ—

ਨਾਨਕ ਕਰਣਾ ਜਿਨਿ ਕੀਆ, ਸੋਈ ਸਾਰ ਕਰੇਇ।
ਹੁਕਮੁ ਨ ਜਾਪੀ ਖਸਮ ਕਾ, ਕਿਸੈ ਵਡਾਈ ਦੇਇ ॥ ੧ ॥

ਤਿਸੁ ਕਾ ਪਰਮਾਰਥੁ—

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਏ ਰਾਇ ਜੀ! ਜਿਨਿ ਏਹੁ ਕਿਛੁ ਕਾਰਣੁ ਕੀਆ ਹੈ, ਸਾਰ ਭੀ ਸੋਈ ਕਰੇਗਾ। ਉਸੁ ਸਾਹਿਬ ਕੀ ਗਹਣਗਤਿ ਕਵਣੁ ਜਾਣਦਾ ਹੈ ਜਿ ਕਿਸੇ ਦੇ ਤਾਈ ਵਡਿਆਈ ਕਰੈ, ਏਹੁ ਗਤਿ ਓਹੋ ਹੀ ਜਾਣੈ। ਸਾਹਿਬ ਕੀ ਗਤਿ ਸਾਹਿਬੁ ਹੀ ਜਾਣੈ"। ਤਬ ਰਾਇ ਭੋਐ ਕਹਿਆ ਜਿ, "ਏ ਨਾਨਕ ਜੀ, ਮੈਂ ਜਾਣਦਾ ਹਾਂ ਜਿ ਏਹੁ ਵਡਿਆਈ ਖੁਦਾਇ ਤੁਝੈ ਹੀ ਨੋ ਦਿਤੀ ਹੈ। ਕਿਛੁ "ਅਸਾੜੇ ਬਾਬਿ ਤੂ ਮਿਹਰਵਾਨੁ ਹੋਹਿ ਜੀ"। ਤਬ ਗੁਰੂ ਬਾਬਾ ਨਾਨਕੁ ਹਸ ਪੜਿਆ, ਜਾ ਦੇਖੈ ਤਾਂ ਬਜਿਦਿ ਹੋਇ ਲਗਾਂ ਹੈ ਰਾਇ ਭੋਆ, ਮਿਟਦਾ ਨਾਹੀ। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਏ ਰਾਇ ਜੀ! ਤੇਰੀ ਜਿ ਮਨਸਾ ਹੈ ਸਿ ਤੂ ਮੰਗੁ"। ਤਬ ਰਾਇ ਭੋਐ ਕਹਿਆ ਜਿ, "ਤੂ ਜਾਣਹਿ ਸਿ ਦੇਹਿ"। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਤੇਰੀ ਸਰਮ ਖੁਦਾਇ ਦੀਨ ਮਹਿ ਭੀ ਰਖੇਗਾ ਅਰ ਦੁਨੀਆਂ ਮਹਿ ਭੀ ਰਖੇਗਾ"। ਤਬ ਰਾਇ ਭੋਐ ਕਹਿਆ ਜਿ, "ਜੀ, ਅਗੈ ਪਿਛੈ ਸਰਮ ਰਹੈ"। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਰਾਇ ਜੀ! ਤੇਰੀ ਕੁਰਸੀ ਬਕੁਰਸੀ ਖੁਸਹਾਲੁ ਰਹੈਗੀ"। ਰਾਇ ਭੋਆ ਪੈਰੀ ਪੈ ਕਰਿ ਉਠਿ ਕਰਿ ਤਸਲੀਮ ਕੀਤੀਅਸੁ। ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਜਾਹਿ ਰਾਇ ਜੀ! ਵਿਦਿਆ ਹੋਹਿ, ਤੇਰਾ ਜਿ ਹੋਵਣਾ ਸਾ ਸਿ ਮਕਸੂਦੁ ਖੁਦਾਇ ਕੀਤਾ, ਜਾਹਿ ਅਸਵਾਰੁ ਹੋਹੁ"। ਤਬ ਰਾਉ ਭੋਆਂ ਕੁਰਨਸਿ ਕਰਿ ਵਿਦਾ ਹੋਆ। ਅਗੈ ਦੂਰਿ ਜਾਇ ਕਰਿ ਕੁਨਸਿ ਲਗਾ ਕਰਣੇ, ਚਲੈ ਚਲਿ ਕਰਿ ਕੁਨਸਿ ਕਰੇ-ਪੈਰੁ ਪਿਆਦਾ ਹੀ ਘਰੀ ਆਇਆ। ਧੰਨੁ ਗੁਰੂ, ਵਾਹੁਗੁਰੂ, ਸਤਿਗੁਰੂ।

ਸਲੋਕੁ ॥

ਰਾਮੁ ਨਾਮੁ ਮਨ ਸਿਮਰੀਐ, ਜਿਸ ਤੇ ਹੋਵੈ ਲਾਹੁ।
ਸੰਤੀ ਜਪਿਆ, ਸੰਤ ਕਹਿ ਗਏ, ਦਾਸ ਨਾਨਕ ਤੁਮਿ ਭੀ ਜਪਹੁ ਜਪਾਹੁ ॥ ੧ ॥

ਬੋਲੋ ਭਾਈ ਜੀ ਵਾਹਿਗੁਰੂ ਨਾਨਕ, ਧੰਨੁ ਗੁਰੂ ਨਾਨਕੁ, ਸਤਿਗੁਰੂ ਨਾਨਕੁ, ਸਤਿਗੁਰੂ ਨਾਨਕੁ, ਸਤਿਗੁਰੂ ਨਾਨਕੁ। ਰਾਮ, ਸਤਿਗੁਰੂ ਸਤਿ, ਸਤਿਨਾਮੁ ਕਰਤਾ ਪੁਰਖੁ ਸਤਿਗੁਰੂ ਪਰਸਾਦਿ ॥ ੯ ॥

## ਗੁਰੂ ਨਾਨਕ ਦੀ ਵਡਿਆਣੀ

ਤਬ ਰਾਉ ਭੋਆ ਘਰਿ ਆਇ ਕਰਿ ਸਮਝਾ ਜਿ ਤਿਸੁ ਦਿਨਿ ਖੇਤੁ ਵਾਲਾ ਪੁਕਾਰਦਾ ਆਇਆ ਸੀ ਜਿ ਮੇਰਾ ਖੇਤੁ ਮਹੀ ਖਾਧਾ ਹੈ ਸੁ ਏਹੁ ਬਾਤ ਸਚੁ ਸੀ ਜਿ ਆਖਦਾ ਸਾ। ਏਸ ਸੁਤੇਹੀ ਬਾਵਹੁ ਖੇਤ ਮਹੀ ਖਾਧਾ ਤਹਿ ਤੀਕ ਪਣੁ ਏਸ ਦੀ ਅਜਮਤਿ ਸਾਥਿ ਖੇਤੁ ਫੈਲਿਆ ਹੈ ਫੇਰਿ। ਜਿਉ ਅਜੁ ਸੁਤਾ ਸੀ ਤਿਵੇ ਹੀ ਤਿਸੁ ਦਿਨਿ ਭੀ ਸੁਤਾ ਹੋਵੇਗਾ। ਜਿਉ ਅਜੁ ਪ੍ਰਛਾਵਾ ਖੜਾ ਹੋਇ ਰਹਿਆ ਸਾ ਤਿਉ ਉਸੁ ਦਿਨਿ ਖੇਤ ਭੀ ਖਾਧਾ ਹੋਆ ਹਰਿਆ ਹੋਆ ਸਾ। ਏਸੁ ਵਿਚਿ ਅਜਮਤਿ ਖੁਦਾਇ ਦੀ ਹੈ। ਤਿਸੁ ਕਾ ਪਾਰਾਵਾਰੁ ਕੋਈ ਨਾਹੀ ਜਾਣਦਾ। ਤਬ ਰਾਉ ਭੋਆ ਕਾਲੂ ਵੇਦੀ ਦੇ ਘਰਿ ਗਇਆ। ਜਬ ਰਾਉ ਭੋਆ ਕਾਲੂ ਵੇਦੀ ਦੇ ਘਰਿ ਗਇਆ ਤਾਂ ਲੋਕਾ ਕਹਿਆ ਜਿ "ਰਾਉ ਆਇਆ ਐ"। ਕਾਲੂ ਅਗਹੁ ਸਉਹਾ ਆਇ ਮਿਲਿਆ। ਤਬ ਰਾਉ ਆਇ ਕਾਲੂ ਦੇ ਘਰਿ ਖੜਾ ਹੋਆ। ਕਾਲੂ ਅਗੈ ਵਿਛਾਵਣੇ ਵਿਛਵਾਏ। ਰਾਉ ਕਾਲੂ ਨੂ ਲੈ ਬੈਠਾ। ਤਬ ਰਾਇ ਭੋਇ ਆਖਿਆ ਜਿ, "ਭਾਈ ਕਾਲੂ! ਤਿਤੁ ਦਿਹਿ ਜਿ ਤੇਰੈ ਪੁਤ੍ਰ ਉਜਾੜਾ ਕੀਤਾ ਸਾ ਸਿ ਅਜੁ ਓਹ ਉਜਾੜਾ ਮੈਂ ਸਹੀ ਕੀਤਾ, ਜਿ ਉਹੁ ਉਜਾੜਾ ਸਹੀ ਹੋਆ ਹੈ, ਜਾਇ ਤੁਸੀਂ ਉਸੁ ਖਸਮ ਦਾ ਦਿਲਾਸਾ ਕਰਹੁ"। ਤਬ ਦਾਦਾ ਕਾਲੂ ਹੈਰਾਨੁ ਹੋਇ ਰਹਿਆ ਜਿ ਰਾਉ ਕਿਛੁ ਲੈਣ ਨੋ ਹੋਆ ਹੈ ਜਾ ਫੇਰਿ ਏਹਿ ਗਲਿ ਉਥੱਲੀ ਹੈਸੁ। ਤਾ ਦਾਦੇ ਕਾਲੂ ਕਹਿਆ ਜਿ, "ਭਲਾ ਹੋਵੈ ਰਾਇ ਜੀ! ਜਾਂ ਬਿਨਾ ਉਜਾੜੇ ਮੈ ਤੇ ਦਿਵਾਇਆ ਭਾਵਦਾ ਹੈ ਤਾਂ ਸਾਡਾ ਕਿਆ ਚਾਰਾ ਹੈ"। ਤਬ ਰਾਇ ਭੋਐ ਕਹਿਆ, ਜਿ, "ਨਾ ਨਾ, ਬਿਨਾ ਉਜਾੜੇ

ਤੇ ਕਹੈ ਸਿ ਝਖ ਮਾਰੇ, ਮੈ ਅਪਣੇ ਸਿਰਦੀ ਸਹੁਗੰਦ ਹੈ ਜੇ ਮੈ ਝੂਠੁ ਕਹਾ, ਉਜਾੜਾ ਸਹੀ ਹੋਇਆ ਹੈ''। ਤਾ ਕਾਲੂ ਆਖਿਆ ਜਿ, "ਭਲਾ ਰਾਇ ਜੀ ! ਭਲਾ ਹੋਵੈ। ਜਾਂ ਤੁਸਾਂ ਸਹੀ ਕੀਤਾ ਤਾਂ ਸਹੀ ਹੋਆ"। ਰਾਇ ਭੋਐ ਆਖਿਆ ਜਿ, "ਨਾ ਨਾ ! ਉਸੁ ਖਸਮ ਦਾ ਤੁਸੀ ਦਿਲਾਸਾ ਕਰਹਿ ਜਿਸ ਦਾ ਉਜਾੜਾ ਹੋਇਆ ਹੈ"। ਤਬ ਦਾਦੇ ਕਾਲੂ ਆਖਿਆ ਜਿ, "ਭਲਾ ਹੋਵੈ ਰਾਇ ਜੀ ! ਜਾਂ ਤੁਧੁ ਵਿਣੁ ਉਜਾੜੇ ਹੋਏ ਹੀ ਤੇ ਦਿਵਾਇਆ ਭਾਵਦਾ ਹੈ ਤਾਂ ਦੇਹਿਗੇ"। ਤਾ ਰਾਤ੍ਰੇ ਭੋਆ ਗੁਰੂ ਬਾਬੇ ਨਾਨਕ ਜੀ ਦੀ ਉਸਤਤਿ ਕਰਿ ਉਠਿਆ ਜਿ, "ਕਾਲੂ ! ਏਹੁ ਜਿ ਤੇਰਾ ਪੁਤ੍ਰ ਹੈ ਸਿ ਵਡੀ ਅਜਮਤਿ ਸਾਥਿ ਹੈ, ਏਸ ਦੀ ਮਿਤਿ ਕਿਛੁ ਕਹੀ ਨਹੀਂ ਜਾਂਦੀ। ਏਸੁ ਵਿਚ ਮੈ ਜਾਹਰਾ ਕਰਾਮਾਤਿ ਡਿਠੀ ਹੈ"। ਜਿਵ ਜਿਵ ਰਾਇ ਭੋਐ ਕਰਾਮਾਤਿ ਡਿਠੀ ਸੀ, ਜਿਉ ਜਿਉ ਰਾਇ ਭੋਐ ਦਰਖਤ ਦੀ ਛਾਂਵ ਡਿਠੀ ਥੀ, ਤਿਉ ਤਿਉ ਦਾਦੇ ਕਾਲੂ ਨੋ ਰਾਇ ਆਖਿ ਸੁਣਾਇਆ। ਤਬ ਰਾਇ ਭੋਐ ਓਹੁ ਜਟੁ ਭੀ ਸਦਾਇਆ। ਜਾਂ ਓਹੁ ਜਟੁ ਆਇਆ ਓਨਿ ਆਇ ਕਰਿ ਰਾਇ ਜੀ ਨੋ ਸਿਰੁ ਨਿਵਾਇਆ। ਰਾਇ ਓਹੁ ਜਟੁ ਸਦਿ ਕਰਿ ਨਿਜੀਕਿ ਬੈਠਾਇਆ। ਤਦਿ ਰਾਇ ਭੋਐ ਆਖਿਆ ਜਿ, "ਕਿਉ ਮੀਆਂ ਜਟਾ ! ਤਿਤੁ ਦਿਨ ਤੇਰਾ ਉਜਾੜਾ ਹੋਆ ਹੈ, ਤੇ ਖੁਦਾਇ ਦੀ ਸੰਹੁ ਹੈ ਕਿ ਤੂੰ ਈਵੈ ਆਖਦਾ ਸਹਿ। ਜਿਉ ਉਜਾੜਾ ਹੋਆ ਹੈ ਤਿਵੈ ਤੂੰ ਖੁਦਾਇ ਦੀ ਸਹੁਗੰਦ ਹੈ ਜੇ ਬਿਨਾ ਡਿਠੇ ਹੋਰੁ ਗਲਿ ਕਾਈ ਕਰਹਿ। ਜਿਉ ਡਿਠਾ ਹੀ ਤਿਉ ਕਹੁ"। ਤਬ ਉਨਿ ਜਟਿ ਆਖਿਆ ਜਿ, ਰਾਇ ਜੀ ! ਖੁਦਾਇ ਉਗਾਹੁ ਹੈ, ਕੇ ਖੁਦਾਇ ਓਗਾਹ ਹੈ, ਜੇ ਹੰਉ ਹੋਰੁ ਕਾਈ ਗਲਿ ਕਰਸਾਂ। ਜਿਉ ਡਿਠੀ ਹੈ ਤਿਉ ਕਹਦਾ ਹਾਂ ਰਾਇ ਜੀ ! ਮਹੀਂ ਸਹੀ ਉਜਾੜਾ ਕੀਤਾ ਸੀ। ਜਾਇ ਕਰਿ ਦੇਖਾ ਤਾ ਨਵੈ ਗੋਹੇ ਮੰਨਲਾ ਧਾਨਾਂ ਦਾ ਖੇਤੁ ਹੋਆ। ਖਾਇ ਕਰਿ ਮੰਹੀ ਵਿਚਿ ਬੈਠੀਆਂ ਹੈਨਿ। ਹੰਉ ਭੰਨਾ ਤੁਸਾ ਥੈ ਫਿਰੀਆਦਿ ਕਰਣੇ ਆਇਆ ਸਾ। ਏਥਹੁ ਜਦਿ ਆਇਆਂ ਤਦਿ ਨਾਲਿ ਮੁਸਫ ਲੈ ਗਇਆ ਸੀ। ਜਾ ਫੇਰਿ ਜਾਇ ਕਰਿ ਦੇਖਾ ਤਾ ਇਕੁ ਪਠਾ ਭੀ ਨਾਹੀ ਟੁਕਿਆ, ਅਤੈ ਰਾਇ ਜੀ ! ਹੋਰਨੀ ਸਮੀਹੂ ਚਉਣੇ ਧਾਨ ਹੋਏ ਉਦੂ ਖੇਤ੍ਰਹੁ। ਏਹੀ ਖੁਦਾਇ ਦੀ ਕਾਈ ਮਿਹਰ ਹੋਈ"। ਤਬ ਰਾਇ ਭੋਐ ਸਿਰੁ ਫੇਰਿਆ, ਲਗਾ ਖੁਦਾਇ ਦੀ ਸਿਫਤਿ ਕਰਨੇ ਜਿ, "ਵਾਹੁ ਖ਼ੁਦਾਇ ! ਤੁਧੁ ਏਸੁ ਵਿਚਿ ਏਹੀ ਅਜਮਤਿ ਰਖੀ ਹੈ"। ਤਬ ਰਾਇ ਭੋਐ ਕਹਿਆ ਜਿ, 'ਏ ਭਾਈ ਕਾਲੂ ! ਤੂ ਏਵ ਕਰਿ, ਮਤੁ ਜਾਣਹਿ ਜਿ ਏਹੁ ਪੁਤ੍ਰ ਮੇਰਾ ਹੈ, ਮੈ ਪਾਲਿ ਪੋਸਿ ਕੀਤਾ ਹੈ। ਮਤ ਏਹ ਗਲ ਜਾਣਦਾ ਹੋਵਹਿ ਕਿ ਕਾਈ ਗਲ ਟਹਲ ਫੁਰਮਾਇਸਿ ਕਰਦਾ ਹੋਵਹਿ। ਓਹੁ ਤੇਰਾ ਪੁਤ੍ਰ ਨਾਹੀ, ਵਡਾ ਬੁਜਰਕ ਹਈ, ਕੋਈ ਖੇਲੁ ਖੁਦਾਇ ਦਾ ਹਈ, ਪਰੁ ਅਜਮਤਿ ਸਾਂਥਿ ਭਰਿਆ ਹੈ। ਤੂ ਏਸ ਦੀ ਖਿਜਮਤਿ ਹੀ ਕਰਦਾ ਰਹੁ ਜੇ ਕਿਤੈ ਮਰਾਤਬੈ ਪਹੁਚਿਆ ਲੋੜਦਾ ਹੈ, ਨਾਹੀ ਤਾ ਮਾਰਿਆ ਜਾਹਿਗਾ। ਚੇਤਾ ਕਰਦਾ ਰਹੈ, ਮੈ ਓਸ ਦੀ ਜ਼ਾਹਰੀ ਕਰਾਮਤਿ ਨਜਰਿ ਆਈ ਹੈ ਜਿ ਗਉਸ ਖੁਦਾਇ ਦਾ ਹੈ, ਦੇਖੀ ਚੇਤਾ ਕਰੀ"। ਤਬ ਦਾਦੇ ਕਾਲੂ ਆਖਿਆ ਜਿ, "ਰਾਇ ਜੀ ! ਖੁਦਾਇ ਉਸ ਦੀ ਰਖੇਗਾ। ਤਬ ਉਸੁ ਪਿਛੈ ਖੁਦਾਇ ਸਭਨਾ ਦਾ ਭਲਾ ਕਰੇਗਾ"। ਤਬ ਰਾਇ ਭੋਆ ਦਾਦੇ ਕਾਲੂ ਨੋ ਕਹਦੋ ਆਪਣੇ ਡੇਰੈ ਗਇਆ ਅਰੁ ਰਾਖਾ ਦਾਦੇ ਕਾਲੂ ਖੇਤ੍ਰ ਰਖਣੇ ਕੰਉ ਭੇਜਿ ਦੀਆ। ਓਹੁ ਜਾਇ ਖੇਤ ਖਲਾ ਹੋਆ ਰਖਣ ਦੇ ਤਾਂਈ ਅਰੁ ਗੁਰੂ ਬਾਬਾ ਨਾਨਕੁ ਘਰਿ ਆਇਆ। ਵਾਹੁਗੁਰੂ, ਧੰਨੁ ਗੁਰੂ ਸਤਿਗੁਰੂ।

**ਸਲੋਕੁ।**

ਕੁਦਰਤਿ ਕਰਤੇ ਕੀ ਕਉਣੁ ਜਾਣੇ ਆਪੇ ਜਾਣੈ ਸੋਈ।
ਜਿਨਿ ਜਾਤੀ ਸੋ ਆਖਿ ਨ-ਸਕੈ ਦਾਸ ਨਾਨਕ ਵਿਰਲਾ ਕੋਈ ॥੧॥

ਬੋਲਹੁ ਭਾਈ ਜੀ ਸਗਲੇ ਰਾਮ ਰਾਮ ਰਾਮ। ਵਾਹੁਗੁਰੂ, ਧੰਨੁ ਗੁਰੂ, ਸਤਿਗੁਰੂ। ਰਾਮ ਸਤਿਗੁਰੂ ਸਤਿ ਸਤਿਨਾਮੁ ਕਰਤਾ ਪੁਰਖੁ ਸਤਿਗੁਰੂ ਪਰਸਾਦਿ ॥ ੧੦ ॥

# ਮੈਂ ਖਾਧਾ ਇਕ ਰੋਠਾ ਦਾਤਿਆ

(ਗਿਆਨੀ ਦਇਆ ਸਿੰਘ ਦਿਲਬਰ)

ਮੈਂ ਖਾਧਾ ਇਕ ਰੋਠਾ ਦਾਤਿਆ, ਮੈਨੂੰ ਸ਼ਹਿਦ ਦਾ ਭੁਲੇਖਾ ਪੈਂਦਾ।
ਇਹ ਜਗ ਵੀ ਭੁਲੇਖਾ ਖਾ ਗਿਆ, ਜਿਹੜਾ ਰੱਬ ਨੂੰ ਮਨੁੱਖ ਰਿਹਾ ਕਹਿੰਦਾ।

ਇਹ ਜੋਗੀ ਮੂਲੀ ਕਿਹੜੇ ਬਾਗ ਦੀ, ਤੈਨੂੰ ਮੰਨ ਲਿਆ ਵਲੀਆਂ ਪੀਰਾਂ।
ਇਹ ਸਿੱਧੀਆਂ ਤੇ ਭੁੱਲੇ ਫਿਰਦੇ, ਤੇਰੇ ਦਰ ਤੇ ਝੁਕਣ ਤਕਦੀਰਾਂ।

ਤੂੰ ਜੀਹਦੇ ਤੇ ਦਿਆਲ ਹੋ ਗਿਆ, ਉਹ ਜਨਮ ਮਰਨ ਤੋਂ ਰਹਿੰਦਾ।
ਮੈਂ ਖਾਧਾ ਇਕ ਰੋਠਾ ਦਾਤਿਆ, ਮੈਨੂੰ ਸ਼ਹਿਦ ਦਾ ਭੁਲੇਖਾ ਪੈਂਦਾ।

ਲਾਲੋ ਨੇ ਪਛਾਣਿਆ ਤੈਨੂੰ, ਪਰ ਭਾਗੋ ਨੂੰ ਸਮਝ ਨਾ ਆਈ।
ਤੂੰ ਪੂਰੀਆਂ 'ਚੋਂ ਲਹੂ ਕਢਕੇ, ਸਾਰੇ ਜਗ ਦੀ ਚਾ ਹੋਸ਼ ਭੁਲਾਈ।

ਚਰਨਾਂ ਤੇ ਸਭ ਡਿੱਗ ਪਏ, ਜਦੋਂ ਕੋਧਰੇ 'ਚੋਂ ਦੁੱਧ ਡਿਠਾ ਵਹਿੰਦਾ।
ਮੈਂ ਖਾਧਾ ਇਕ ਰੋਠਾ ਦਾਤਿਆ, ਮੈਨੂੰ ਸ਼ਹਿਦ ਦਾ ਭੁਲੇਖਾ ਪੈਂਦਾ।

ਅੱਕ ਮਠਿਆਈ ਬਣ ਗਏ, ਤੱਤੇ ਤੇਲ ਵਾਲਾ ਠਰ ਗਿਆ ਕੜ੍ਹਾਇਆ।
ਪਰਬਤ ਵੀ ਮੋਮ ਹੋ ਗਿਆ, ਜਦੋਂ ਹੱਸ ਕੇ ਪੰਜਾ ਤੂੰ ਲਾਇਆ।

ਬੰਜਰਾਂ 'ਚੋਂ ਸੋਮੇ ਕੱਢਤੇ, ਜਦੋਂ ਵੇਖਿਆ ਰਬਾਬੀ ਢਹਿੰਦਾ।
ਮੈਂ ਖਾਧਾ ਇਕ ਰੋਠਾ ਦਾਤਿਆ, ਮੈਨੂੰ ਸ਼ਹਿਦ ਦਾ ਭੁਲੇਖਾ ਪੈਂਦਾ।

ਕਈਆਂ ਨੇ ਕੁਰਾਹੀਆ ਆਖਿਆ, ਕਿਸੇ ਭੁੱਲੜ ਨੇ ਲੱਤ ਤੈਨੂੰ ਮਾਰੀ।
ਤੂੰ ਸਭ ਨੂੰ ਪਿਆਰਦਾ ਰਿਹੋਂ, ਇਕੋ ਪਿਆਰ ਦਾ ਸੈਂ 'ਦਿਲਬਰਾ' ਪੁਜਾਰੀ।

ਕਾਜ਼ੀ ਨੂੰ ਨਮਾਜ਼ ਭੁਲ ਗਈ, ਡਿਠਾ ਮੱਕਾ ਪਰਕਰਮਾਂ ਲੈਂਦਾ।
ਮੈਂ ਖਾਧਾ ਇਕ ਰੋਠਾ ਦਾਤਿਆ, ਮੈਨੂੰ ਸ਼ਹਿਦ ਦਾ ਭੁਲੇਖਾ ਪੈਂਦਾ।
ਇਹ ਜੱਗ ਵੀ ਭੁਲੇਖਾ ਖਾ ਗਿਆ, ਜਿੜ੍ਹਾ ਰੱਬ ਨੂੰ ਮਨੁੱਖ ਰਿਹਾ ਕਹਿੰਦਾ।

---

## ਪਾਠਕ ਜੀ!

**'ਅਜੂਨੀ' ਜਿਥੇ ਆਪ ਪੜ੍ਹਦੇ ਹੋ, ਉਥੇ ਹੋਰਨਾਂ ਨੂੰ ਵੀ ਪੜ੍ਹਾਇਆ ਕਰੋ।**

–ਮੈਨੇਜਰ

# ਇਤਿਹਾਸ ਬਾਬਾ ਸਾਹਿਬ ਸਿੰਘ ਜੀ ਬੇਦੀ

(ਲੜੀ ਜੋੜਨ ਲਈ ਵੇਖੋ ਪਿਛਲਾ ਅੰਕ)

ਸੰਪਾਦਕ : ਡਾ. ਗੰਡਾ ਸਿੰਘ ਜੀ

ਫੇਰ ਪਿੰਡ ਸੁਖੋਂ ਵਿਚ ਆਏ । ਸਰਦਾਰ ਅਜਬ ਸਿੰਘ ਨੇ ਬੜੀ ਸੇਵਾ ਕੀਤੀ। ਦੂਜੇ ਦਿਨ ਤੰਬੂਰ ਪਿੰਡ ਵਿਚ ਸਰਦਾਰ ਸਾਹਿਬ ਸਿੰਘ ਦਾ ਜਾਗੀਰਦਾਰ ਸਰਦਾਰ ਰਤਨ ਸਿੰਘ ਬੇਦੀ ਸਾਹਿਬ ਦੀ ਸੇਵਾ ਵਿਚ ਆਇਆ ਅਤੇ ਪੰਜ ਸੌ ਰੁਪੱਈਏ ਭੇਟ ਕੀਤੇ ।

ਮੀਰਪੁਰ ਵਿਚ ਥਾਣੇਦਾਰ ਭਾਗ ਸਿੰਘ ਹਾਜ਼ਰ ਹੋਇਆ ਅਤੇ ਉਸਨੇ ਦੱਸਿਆ ਕਿ ਇਥੇ ਸ਼ਿਕਾਰ ਨਹੀਂ ਹੈ, ਪਰ ਗੁਰੂ ਸਾਹਿਬ ਨੇ ਸ਼ਿਕਾਰ ਦੇ ਦੌਰਾਨ ਇਕ ਸ਼ੇਰ ਮਾਰਿਆ । ਤਿੰਨ ਮਹੀਨੇ ਗੁਰੂ ਸਾਹਿਬ ਦਾ ਡੇਰਾ ਮੀਰਪੁਰ ਵਿਚ ਹੀ ਰਿਹਾ । ਸੰਮਤ 1854 ਮੁਤਾਬਿਕ ਸੰਨ 1797 ਈ. ਦੀ ਵਰਖਾ ਰੁੱਤ ਉਥੇ ਹੀ ਗੁਜ਼ਾਰੀ। ਉਥੋਂ ਤੁਰਨ ਸਮੇਂ ਰਈਸਾਂ ਅਤੇ ਸੰਗਤ ਨੇ ਬੇਨਤੀ ਕੀਤੀ ਕਿ ਹਜ਼ੂਰ ! ਇਥੇ ਆਪਣੀ ਕੋਈ ਨਿਸ਼ਾਨੀ ਛੱਡ ਜਾਓ । ਗੁਰੂ ਸਾਹਿਬ ਨੇ ਉਨ੍ਹਾਂ ਦਾ ਵਿਸ਼ਵਾਸ ਅਤੇ ਨੇਕਨੀਤੀ ਨੂੰ ਵੇਖਕੇ ਉਨ੍ਹਾਂ ਦੀ ਬੇਨਤੀ ਪ੍ਰਵਾਨੀ। ਡੇਰੇ ਵਿਚ ਹੁਕਮ ਦਿੱਤਾ ਘੋੜ ਖਾਨੇ ਅਤੇ ਤੰਬੂਆਂ ਦੇ ਕੀਲੇ ਨਾ ਉਖੇੜੇ ਜਾਣ । ਸਾਰੇ ਕੀਲੇ ਉਸੇ ਤਰ੍ਹਾਂ ਗਡੇ ਪਏ ਰਹੇ। ਕੁਝ ਦਿਨਾਂ ਉਪਰੰਤ ਉਨ੍ਹਾਂ ਵਿਚੋਂ ਕਲੀਆਂ ਨਿਕਲ ਆਈਆਂ । ਜੋ ਕੀਲਾ ਜਿਸ ਦਰਖਤ ਦੀ ਲੱਕੜ ਦਾ ਸੀ, ਉਸ ਤੋਂ ਉਹੋ ਹੀ ਦਰਖਤ ਹਰਾ ਭਰਾ ਹੋ ਗਿਆ । ਹੁਣ ਵੀ ਉਨ੍ਹਾਂ ਦਰਖਤਾਂ ਵਿੱਚੋਂ ਕੁੱਝ ਦਰਖਤ ਉਥੇ ਮੌਜੂਦ ਹਨ। ਉਥੇ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ ਅਤੇ ਬਾਬਾ ਬਿਸ਼ਨ ਸਿੰਘ ਜੀ ਦੇ ਮਹਿਲ ਮਾਤਾ ਕਾਨ੍ਹ ਦੇਵੀ ਉਥੇ ਰਹਿੰਦੇ ਹਨ ।

ਫੇਰ ਗੁਰੂ ਸਾਹਿਬ ਪਿੰਡ ਸੁਖਚੈਨ ਆਏ। ਉਥੇ ਇਕ ਨਾਲਾ ਸੀ, ਜਿਸ ਵਿਚ ਪਾਣੀ ਬਹੁਤ ਘੱਟ ਸੀ। ਗੁਰੂ ਸਾਹਿਬ ਨੇ ਹੁਕਮ ਦਿਤਾ ਕਿ ਸੁਰਨਾਹੀਆਂ ਮੰਗਵਾਓ। ਉਸ ਨਾਲੇ ਵਿਚ ਏਨਾ ਪਾਣੀ ਹੋ ਗਿਆ ਕਿ ਗੁਰੂ ਸਾਹਿਬ ਚਾਰ ਦਿਨ ਤੱਕ ਉਸ ਨਾਲੇ ਵਿਚ ਫਿਰਦੇ ਰਹੇ, ਸਗੋਂ ਸੂਬਾ ਸਿੰਘ ਨਾਮਕ ਇਕ ਸਿੱਖ ਉਸ ਵਿਚ ਬਹਿਕੇ ਹੜ੍ਹ ਪਿਆ । ਗੁਰੂ ਸਾਹਿਬ ਨੇ ਉਸ ਨੂੰ ਆਪ ਫੜਿਆ । ਉਥੇ ਹੀ ਸਰਦਾਰ ਜੋਧ ਸਿੰਘ ਵਜ਼ੀਰਾਬਾਦ-ਪਤੀ ਹਾਜ਼ਰ ਹੋਇਆ । ਉਸ ਨੇ ਦੋ ਘੋੜੀਆਂ, ਪੰਜ ਸੌ ਰੁਪਈਆ ਅਤੇ ਇਕ ਦੁਸ਼ਾਲਾ ਭੇਟ ਕੀਤਾ । ਗੁਰੂ ਸਾਹਿਬ ਨੇ ਸਾਹਿਬ ਸਿੰਘ ਭੰਗੀ ਅਤੇ ਦੂਜੇ ਹੋਰ ਸਰਦਾਰਾਂ ਨੂੰ, ਜੋ ਪਹਿਲਾਂ ਤੋਂ ਹੀ ਉਥੇ ਹਾਜ਼ਰ ਸਨ, ਸਰੋਪਾ ਦੇ ਕੇ ਵਿਦਾ ਕੀਤਾ ।

ਸ੍ਰ. ਜੋਧ ਸਿੰਘ ਦੇ ਬੇਨਤੀ ਕਰਨ ਤੇ ਗੁਰੂ ਸਾਹਿਬ ਵਜ਼ੀਰਾਬਾਦ ਆਏ ਅਤੇ ਕੁੱਝ ਦਿਨ ਉਥੇ ਰਹਿਕੇ ਦੁਆਬਾ ਬਟਾਲਾ ਅਤੇ ਦਸੌਂਤ ਆਏ । ਉਨ੍ਹਾਂ ਨੂੰ ਉਥੇ ਪਤਾ ਲੱਗਾ ਕਿ ਜ਼ਮਨਸ਼ਾਹ ਲਾਹੌਰ ਵੱਲ ਆ ਰਿਹਾ ਹੈ। ਓਥੋਂ ਚਲਕੇ ਬੰਗਾ ਵਿਚ ਠਹਿਰੇ । ਸ਼ੁਕਰਵਾਲਾ ਸ੍ਰ. ਹਰੀ ਸਿੰਘ ਸੌ ਸਵਾਰ ਸਹਿਤ ਸੇਵਾ ਵਿਚ ਹਾਜ਼ਰ ਹੋਇਆ ।

ਫੇਰ ਗੁਰੂ ਸਾਹਿਬ ਅੰਮ੍ਰਿਤਸਰ ਆ ਕੇ ਰਾਮਸਰ ਸਰੋਵਰ ਤੇ ਠਹਿਰੇ । ਸਾਰੇ ਸਰਦਾਰ, ਜੋ ਪਹਿਲਾਂ ਕਿਤੇ ਕਿਤੇ ਚਲੇ ਗਏ ਸਨ, ਗੁਰੂ ਸਾਹਿਬ ਦੇ ਉਥੇ ਸੁਸ਼ੋਭਤ ਹੋਣ ਦੀ ਖ਼ਬਰ ਸੁਣਕੇ ਆ ਇਕਠੇ ਹੋਏ। ਮਹਾਰਾਜਾ ਰਣਜੀਤ ਸਿੰਘ ਵੀ ਉਥੇ ਪਹੁੰਚ ਗਏ । ਜ਼ਮਾਨਸ਼ਾਹ ਲਾਹੌਰੋਂ ਮੁੜ ਗਿਆ । ਬੈਸਾਖੀ ਦਾ ਮੇਲਾ ਸੰਮਤ 1855 ਮੁਤਾਬਿਕ ਸੰਨ 1798 ਈ. ਵਿਚ ਉੱਥੇ ਹੀ ਹੋਇਆ । ਮਹਾਰਾਜਾ ਰਣਜੀਤ ਸਿੰਘ ਅਤੇ ਦੂਜੇ ਸਰਦਾਰ ਗੁਰੂ ਸਾਹਿਬ ਦੇ ਨਾਲ ਦਰਬਾਰ ਸਾਹਿਬ ਗਏ ਅਤੇ ਬਹੁਤ ਸਾਰੀ ਨਜ਼ਰ ਭੇਟ ਕੀਤੀ ਅਤੇ ਕੜਾਹ ਪਰਸ਼ਾਦ ਚੜ੍ਹਾਇਆ ।

ਇਸ ਤੋਂ ਪਹਿਲਾਂ ਖਾਲਸਾ ਫ਼ੌਜ ਇਕੱਠੀ ਹੋ ਕੇ ਮਾਲਵੇ ਦੇਸ ਵਿਚ ਲੁੱਟ ਮਾਰ ਕਰਦੀ ਸੀ। ਰਾਏ ਕੱਲ੍ਹਾ ਆਦਿ ਦੇ ਕਬਜ਼ੇ ਵਿਚ ਆਏ ਇਲਾਕਿਆਂ ਨੂੰ ਬੀੜ ਖਾਲਸਾ ਮਿਥਿਆ ਹੋਇਆ ਸੀ ਭਾਵ ਜੋ ਕੋਈ ਸਰਦਾਰ ਉਥੇ

ਜਾਂਦਾ ਲੁੱਟ ਮਾਰ ਕਰਕੇ ਵਾਪਸ ਆ ਜਾਂਦਾ ਸੀ। ਬਹੁਤ ਸਾਰੇ ਸਰਦਾਰਾਂ ਨੇ ਬੇਦੀ ਸਾਹਿਬ ਅੱਗੇ ਬੇਨਤੀ ਕੀਤੀ ਕਿ ਹਜ਼ੂਰ, ਰਾਏ ਕਿਆਂ ਦੇ ਇਲਾਕੇ ਨੂੰ ਆਪਣੇ ਕਬਜ਼ੇ ਵਿਚ ਲੈ ਲਵੋ। ਇਸ ਉਪਰੰਤ ਸਾਰੇ ਸਰਦਾਰ ਅਤੇ ਬੇਦੀ ਸਾਹਿਬ ਸਹਿਮਤ ਹੋ ਕੇ ਸਤਲੁਜ ਦਰਿਆ ਦੇ ਦੂਜੇ ਪਾਸੇ ਦੇ ਇਲਾਕੇ ਵਿਚ ਚਲੇ ਗਏ। ਰਾਏ ਕੱਲ੍ਹਾ ਦੀ ਫ਼ੌਜ ਨਾਲ ਲੜਾਈ ਹੋਈ ਅਤੇ ਬੇਦੀ ਸਾਹਿਬ ਨੇ ਨਿਮਨ ਲਿਖਤ ਇਲਾਕੇ ਤੇ ਕਬਜ਼ਾ ਕਰ ਲਿਆ—

ਇਲਾਕਾ ਜੰਡਿਆਲੀ — ਕਿਲਾ ਸੰਤਲ — ਗਿੱਲ — ਬੇਲਾਰਾ — ਦਾਖੀ — ਛੋਮਾਈ — ਪੰਡੀ — ਬਰਾਇਣ — ਜੋਧ — ਮਨਸੂਰ — ਰਾਏਪੁਰ — ਗੁਜਰਵਾਲ ਆਦਿ।

ਲਗ ਪਗ ਤੇਰਾਂ ਸੌ ਪਿੰਡ ਅਤੇ ਚੌਦਾਂ ਕਿਲੇ ਹਜ਼ੂਰ ਦੇ ਕਬਜ਼ੇ ਵਿਚ ਆਏ ਅਤੇ ਛੇ ਸਾਲ ਭਾਵ ਸੰਮਤ 1860 ਮੁਤਾਬਿਕ ਸੰਨ 1802 ਈ. ਤੱਕ ਉਨ੍ਹਾਂ ਇਲਾਕਿਆਂ ਤੇ ਬੇਦੀ ਸਾਹਿਬ ਦਾ ਕਬਜ਼ਾ ਰਿਹਾ। ਸੰਮਤ 1860 ਵਿਚ ਲਧਾਨੀ ਦੇ ਕਿਲੇ ਦੇ ਦੁਆਲੇ ਘੇਰਾ ਪਾਇਆ ਅਤੇ ਦੋਵੇਂ ਧਿਰਾਂ ਵਿਚ ਲੜਾਂਈ ਹੋ ਰਹੀ ਸੀ ਕਿ ਰਾਏ ਕੱਲ੍ਹਾ ਨੇ ਮਾਲਵੇ ਦੇ ਰਾਜਿਆਂ ਨਾਲ ਮਿਲਕੇ ਸਾਜ਼ਿਸ਼ ਕੀਤੀ ਅਤੇ ਗੰਡਾ ਗੁੱਜਰ, ਜਿਸ ਨੂੰ ਗੁਰੂ ਸਾਹਿਬ ਨੇ ਕੱਲ੍ਹੇ ਦੀ ਕੈਦ ਤੋਂ ਛਡਵਾਇਆ ਸੀ, ਨੂੰ ਫੇਰ ਆਪਣਾ ਨੌਕਰ ਅਤੇ ਇਤਬਾਰੀ ਬਣਾ ਲਿਆ। ਉਸ ਨੂੰ ਹਿਸਾਰ ਵਿਚ ਜਾਰਜ ਫਰੰਗੀ ਕੋਲ ਭੇਜਿਆ। ਉਸ ਨੇ ਸਾਹਿਬ ਨੂੰ ਕੁੱਝ ਰਕਮ ਦਿੱਤੀ ਅਤੇ ਉਸ ਨੂੰ ਉਸ ਦੀ ਫ਼ੌਜ ਸਮੇਤ ਏਧਰ ਲੈ ਆਇਆ। ਜਾਰਜ ਨਾਲ ਲੜਾਈ ਹੋਈ। ਬੇਦੀ ਸਾਹਿਬ ਨੇ ਨਾਰੰਗਵਾਲ ਵਿਚ ਉਤਾਰਾ ਕੀਤਾ ਅਤੇ ਜਾਰਜ ਨੇ ਵੀ ਉਨ੍ਹਾਂ ਦੇ ਨੇੜੇ ਤੰਬੂ ਲਾ ਲਏ। ਉਸ ਸਮੇਂ ਇਹ ਸਾਰਾ ਇਲਾਕਾ ਗੁਰੂ ਸਾਹਿਬ ਦੇ ਕਬਜ਼ੇ ਤੋਂ ਨਿਕਲ ਗਿਆ।

ਗੁਰੂ ਸਾਹਿਬ ਨੇ ਹੁਕਮ ਦਿੱਤਾ ਕਿ ਗੰਡੇ ਨੂੰ ਫੜ ਲਵੋ। ਇਕ ਸ਼ਾਮ ਸ਼ਰਾਬੀ ਹੋਇਆ ਗੰਡਾ ਫ਼ੌਜ ਵੱਲ ਜਾ ਰਿਹਾ ਸੀ। ਸਿੰਘ, ਰਮਦਾਸੀਏ ਅਤੇ ਘੋੜਖਾਨੇ ਦੇ ਨੌਕਰ ਉਸ ਵੇਲੇ ਓਧਰ ਘਾਹ ਲੈਣ ਲਈ ਗਏ ਹੋਏ ਸਨ, ਉਨ੍ਹਾਂ ਗੰਡੇ ਨੂੰ ਫੜ ਲਿਆ ਅਤੇ ਬੇਦੀ ਸਾਹਿਬ ਦੇ ਪੇਸ਼ ਕਰ ਦਿੱਤਾ। ਜਾਰਜ ਆਪਣੀ ਫ਼ੌਜ ਲੈ ਕੇ 'ਵਾਪਸ ਚਲਾ ਗਿਆ। ਖ਼ਾਲਸਾ ਫ਼ੌਜ ਨੇ ਉਸ ਦਾ ਪਿੱਛਾ ਕੀਤਾ। ਦੋਵੇਂ ਫ਼ੌਜਾਂ ਘੱਗਰ ਦਰਿਆ ਤੋਂ ਪਾਰ ਜਾ ਉਤਰੀਆਂ। ਜਾਰਜ ਚਲਿਆ ਗਿਆ ਅਤੇ ਖਾਲਸਾ ਫ਼ੌਜ ਮੁੜ ਆਈ।

ਗੁਰੂ ਸਾਹਿਬ ਮੁੜਕੇ ਕੈਂਥਲ ਆ ਗਏ। ਭਾਈ ਲਾਲ ਸਿੰਘ ਕੈਂਥਲ ਦੇ ਸਰਦਾਰ ਨੇ ਬੜੀ ਸੇਵਾ ਕੀਤੀ ਅਤੇ ਭੇਟਾ ਵੀ ਦਿੱਤੀ। ਫੇਰ ਗੁਰੂ ਸਾਹਿਬ ਪਟਿਆਲੇ ਆ ਗਏ। ਉਸ ਸਮੇਂ ਮਹਾਰਾਜਾ ਪਟਿਆਲਾ, ਰਾਜਿਆਂ ਅਤੇ ਸਰਦਾਰਾਂ ਨੇ ਬੇਨਤੀ ਕੀਤੀ ਕਿ ਆਪ ਉਸੇ ਇਲਾਕੇ ਉੱਤੇ ਬਾਕਾਇਦਾ ਕਬਜ਼ਾ ਕਰ ਲਓ, ਪਰ ਬੇਦੀ ਸਾਹਿਬ ਨੇ ਕਿਹਾ ਕਿ ਤੁਸੀਂ ਇਸ ਇਲਾਕੇ ਦੇ ਰਈਸਾਂ ਨੇ ਆਪਸ ਵਿਚ ਸਾਜ਼ਿਸ਼ ਕਰਕੇ ਫਰੰਗੀਆਂ ਨੂੰ ਚੰਗਾ ਸਮਝਿਆ ਹੈ। ਇਸ ਇਲਾਕੇ ਉੱਤੇ ਹੁਣ ਓਹੋ ਹੀ ਕਬਜ਼ਾ ਕਬਜ਼ਾ ਕਰਨਗੇ। ਬੇਦੀ ਸਾਹਿਬ ਫਲੌਰ ਕੋਲੋਂ ਦਰਿਆ ਟੱਪਕੇ ਦੁਆਬੇ ਵਿਚ ਆ ਗਏ ਅਤੇ ਦੂਜੀ ਰਾਤ ਕਰਤਾਰਪੁਰ ਜਾ ਉਤਰੇ। ਸੋਢੀ ਗੁਰੂ ਗੁਲਾਬ ਸਿੰਘ ਨੇ ਬੇਦੀ ਸਾਹਿਬ ਦੇ ਉਥੇ ਅਪੜਨ ਦੀ ਖਬਰ ਸੁਣੀ ਅਤੇ ਆਪਣੇ ਸਾਥੀਆਂ ਨੂੰ ਰਸਦ ਅਤੇ ਹੋਰ ਲੋੜੀਂਦਾ ਸਾਮਾਨ ਦੇ ਕੇ ਬੇਦੀ ਸਾਹਿਬ ਦੀ ਸੇਵਾ ਵਿਚ ਭੇਜਿਆ। ਉਨ੍ਹਾਂ ਬੇਨਤੀ ਕੀਤੀ ਕਿ ਸਵੇਰੇ ਗੁਰੂ ਸਾਹਿਬ ਵੀ ਹਾਜ਼ਰ ਹੋਣਗੇ। ਬੇਦੀ ਸਾਹਿਬ ਨੇ ਰਸਦ ਆਦਿ ਕਬੂਲ ਨਾ ਕੀਤੀ ਅਤੇ ਕਰਤਾਰਪੁਰੋਂ ਤੁਰ ਪਏ। ਜਦ ਇਹ ਖਬਰ ਸੋਢੀ ਸਾਹਿਬ ਕੋਲ ਪਹੁਚੀ, ਉਸੇ ਵੇਲੇ ਉਹ ਸਵਾਰ ਹੋ ਕੇ ਬੇਦੀ ਸਾਹਿਬ ਦੇ ਪਿੱਛੇ ਗਏ। ਬੇਦੀ ਸਾਹਿਬ ਵੀ ਸੋਢੀ ਸਾਹਿਬ ਦੇ ਆਉਣ ਦੀ ਖਬਰ ਸੁਣਕੇ ਜੰਗਲ ਵਿਚ ਇਕ ਥਾਂ ਠਹਿਰ ਗਏ। ਸੋਢੀ ਸਾਹਿਬ ਬੇਦੀ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਏ ਅਤੇ ਬੜਾ ਸਤਿਕਾਰ ਕੀਤਾ ਅਤੇ ਕਰਤਾਰਪੁਰ ਵਿਚ ਨਾ ਠਹਿਰਨ ਦਾ ਕਾਰਨ ਪੁੱਛਿਆ। ਉਥੇ ਬਹਿਕੇ ਬੜੇ ਪ੍ਰੇਮ ਨਾਲ ਚਾਰ ਘੜੀ ਗੱਲ ਬਾਤ ਕੀਤੀ। ਤੁਰਨ ਵੇਲੇ ਸੋਢੀ ਸਾਹਿਬ ਨੇ ਬੇਨਤੀ ਕੀਤੀ ਕਿ ਤੁਸੀਂ ਗੁਰੂ ਨਾਨਕ ਦੇਵ ਜੀ ਦੇ ਸਰੂਪ ਹੋ, ਬੜੇ ਬਜ਼ੁਰਗ ਹੋ ਅਤੇ ਸੋਢੀਆਂ ਅਤੇ ਸੇਵਕਾਂ ਦੇ ਪੂਜਨੀਕ ਹੋ। ਮੇਰੇ ਉੱਤੇ ਅਜਿਹੀ ਕਿਰਪਾ ਕਰੋ ਕਿ ਮੇਰੀ ਗੱਦੀ ਦਾ ਵਾਰਸ ਪੈਦਾ ਹੋ ਜਾਏ। ਉਸੇ ਸਮੇਂ ਕਿਸੇ ਸਿੱਖ ਨੇ ਇਕ ਮਿੱਠਾ ਮੇਵਾ ਬੇਦੀ ਸਾਹਿਬ ਦੇ ਭੇਟ ਕੀਤਾ। ਬੇਦੀ ਸਾਹਿਬ ਨੇ ਉਹ ਮੇਵਾ

ਸੋਢੀ ਸਾਹਿਬ ਨੂੰ ਦੇ ਕੇ ਕਿਹਾ ਕਿ ਇਸ ਵਿਚੋਂ ਅੱਧਾ ਤੁਸੀਂ ਖਾਓ ਅਤੇ ਅੱਧਾ ਆਪਣੇ ਮਹਿਲ ਵਿਚ ਦੇ ਦੇਣਾ। ਅਕਾਲ ਪੁਰਖ ਦੀ ਕਿਰਪਾ ਨਾਲ ਆਪ ਦੇ ਸਾਹਿਬਜ਼ਾਦਾ ਪੈਦਾ ਹੋਵੇਗਾ। ਇਸ ਕਿਰਪਾ ਤੋਂ ਗੁਰੂ ਸਾਧੂ ਸਿੰਘ ਦਾ ਜਨਮ ਹੋਇਆ। ਗੁਰੂ ਸਾਹਿਬ ਉਥੋਂ ਚਲਕੇ ਵਜ਼ੀਰਾਬਾਦ ਠਹਿਰੇ। ਮਹਾਰਾਜਾ ਰਣਜੀਤ ਸਿੰਘ ਦੀ ਸੱਸ ਮਾਈ ਸਦਾ ਕੌਰ ਨੇ ਬੇਦੀ ਸਾਹਿਬ ਦੇ ਆਉਣ ਦੀ ਖਬਰ ਸੁਣਕੇ ਊਧੋਵਾਲੀ ਦਾ ਇਲਾਕਾ ਬੇਦੀ ਸਾਹਿਬ ਨੂੰ ਭੇਟਾ ਕੀਤਾ ਅਤੇ ਲਿਖਤੀ ਬੇਨਤੀ ਕੀਤੀ ਕਿ ਹੁਣ ਤਾਂ ਹਜ਼ੂਰ ਇਹ ਇਲਾਕਾ ਆਪਣੇ ਉਤਾਰੇ ਲਈ ਪ੍ਰਵਾਨ ਕਰੋ, ਫੇਰ ਹੋਰ ਵੀ ਸੇਵਾ ਕੀਤੀ ਜਾਵੇਗੀ। ਆਪ ਆਪਣੇ ਸੇਵਕ ਮਹਾਰਾਜਾ ਰਣਜੀਤ ਸਿੰਘ ਉੱਤੇ ਇਸੇ ਤਰ੍ਹਾਂ ਦਿਲੋਂ ਕਿਰਪਾ ਦ੍ਰਿਸ਼ਟੀ ਕਰਦੇ ਰਹੋ। ਇਸ ਲਈ ਸੰਮਤ 1861 ਮੁਤਾਬਿਕ ਸੰਨ 1804 ਈ. ਤੋਂ ਊਧੋਵਾਲੀ ਦਾ ਇਲਾਕਾ ਬੇਦੀ ਸਾਹਿਬ ਦੇ ਕਬਜ਼ੇ ਵਿਚ ਆਇਆ। ਬੇਦੀ ਸਾਹਿਬ ਉੱਥੇ ਜਾ ਕੇ ਠਹਿਰੇ।

ਮਹਾਰਾਜਾ ਰਣਜੀਤ ਸਿੰਘ ਜੀ ਦੇ ਕੁੱਝ ਵਿਰੋਧੀ ਸਰਦਾਰਾਂ ਦੇ ਚੁੱਕਣ ਤੋਂ ਉਸ ਇਲਾਕੇ ਦੇ ਜ਼ਿਮੀਦਾਰ ਅਤੇ ਤੁਰਕਾਂ ਨੇ ਸਲਾਹ ਕਰਕੇ ਗੁਰੂ ਸਾਹਿਬ ਦੇ ਡੇਰੇ ਉੱਤੇ ਰਾਤ ਸਮੇਂ ਹੱਲਾ ਕਰਨ ਦੀ ਤਿਆਰੀ ਕੀਤੀ। ਗੁਰੂ ਸਾਹਿਬ ਨੇ ਫ਼ੌਜ ਨੂੰ ਹੁਕਮ ਦਿੱਤਾ ਕਿ ਅੱਜ ਰਾਤ ਨੂੰ ਹੜ੍ਹ ਆਏਗਾ, ਫ਼ੌਜ ਦੇ ਸਾਰੇ ਜੁਆਨ ਹਥਿਆਰ ਬੰਦ ਹੋ ਕੇ ਤਿਆਰ ਰਹਿਣ। ਰਾਤ ਵੇਲੇ ਵਿਰੋਧੀ ਲੋਕ ਡੇਰਾ ਬਾਬਾ ਕਾਹਨ ਸਿੰਘ, ਜੋ ਗੁਰੂ ਸਾਹਿਬ ਦੇ ਛੋਟੇ ਭਰਾ ਬਾਬਾ ਮਹਿਬੂਬ ਸਿੰਘ ਦਾ ਪੁਤਰ ਸੀ, ਦੇ ਡੇਰੇ ਉੱਤੇ ਇਕ ਪਾਸਿਓਂ ਆ ਪਏ। ਬਾਬੇ ਜੀ ਨੇ ਬੜੀ ਬਹਾਦਰੀ ਅਤੇ ਵੀਰਤਾ ਨਾਲ ਉਨ੍ਹਾਂ ਦਾ ਟਾਕਰਾ ਕੀਤਾ ਅਤੇ ਖਾਸ ਸਵਾਰੀ ਦੇ ਇਕ ਘੋੜੇ ਨੂੰ, ਜਿਸ ਨੂੰ ਉਹ ਲੈ ਜਾਣਾ ਚਾਹੁੰਦੇ ਸਨ, ਨਾ ਲੈ ਜਾਣ ਦਿੱਤਾ। ਵਿਰੋਧੀਆਂ ਦੇ ਦੋ ਸਰਦਾਰਾਂ ਨੂੰ ਤਲਵਾਰ ਨਾਲ ਪਾਰ ਬੁਲਾਇਆ। ਉਹ ਲੋਕ ਡਰ ਕੇ ਭੱਜ ਗਏ।

❖

## ਕੀਰਤਨ ਨਾਮ ਦੀ ਮਹਿਮਾਂ

(ਗਿਆਨੀ ਦਇਆ ਸਿੰਘ ਦਿਲਬਰ)

ਧੰਨ ਧੰਨ ਬਾਬਾ ਸਾਹਿਬ ਸਿੰਘ, ਤੇਰੇ ਖੇਲ ਨਿਆਰੇ।
ਇਕ ਦਿਨ ਸੰਗਤ ਸਜ ਰਹੀ ਦੀਵਾਨ ਮਝਾਰੇ।
ਉਠਕੇ ਵਿਚੋਂ ਗੁਰਮੁਖਾਂ ਇਉਂ ਬਚਨ ਉਚਾਰੇ।
ਔੜਾਂ ਬੜੀਆਂ ਲੱਗੀਆਂ ਤੜਪਨ ਨਰ ਨਾਰੇ।
ਬਾਬਾ ਜੀ ਨੇ ਆਖਿਆ ਗਲ ਸੁਣੋ ਪਿਆਰੇ।
ਬਾਣੀ ਗਾਓ ਗੁਰਾਂ ਦੀ ਜੋ ਤਪਦੇ ਠਾਰੇ।
ਸੰਗਤਾਂ ਕੀਤਾ ਕੀਰਤਨ, ਛੱਡੇ ਜੈਕਾਰੇ।
ਅਰਸ਼ਾਂ ਤੋਂ ਮੀਂਹ ਵੱਸਿਆ, ਫੁਟ ਪਏ ਫੁਹਾਰੇ।
ਸਭੇ ਆਸਾਂ ਪੂਰੀਆਂ, ਗੁਰ ਕਰਣੇਹਾਰੇ।
ਨਾਮ ਜਪਨ ਜੋ ਦਿਲਬਰਾ, ਗੁਰ ਕਾਜ ਸਵਾਰੇ।

# ਘਰ ਗੁਰੂ ਨਾਨਕ

ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ, ਊਨਾ ਸਾਹਿਬ

ਧਰਤੀ ਤੇ ਧਰਮਾਂ ਦੀ ਕਮੀ ਨਹੀਂ ਸੀ, ਮੁਸਲਮਾਨੀ ਧਰਮ, ਇਸਾਈ ਮਤ, ਬੁਧ ਮਤ, ਹਿੰਦੂ ਧਰਮ, ਅਤੇ ਹੋਰ ਭਾਂਤ ਭਾਂਤ ਦੀ ਉਪਾਸ਼ਨਾ ਸੰਸਾਰ ਵਿਚ ਛਾਈ ਹੋਈ ਸੀ ਤੇ ਜਗ੍ਹਾ ਜਗ੍ਹਾ ਸੰਸਾਰਕ ਜੀਵਾਂ ਨੂੰ ਧਰਮ ਦੀ ਆੜ ਲੈ, ਉਨ੍ਹਾਂ ਦੀ ਮਾਇਆ ਨੂੰ ਲੁਟਨ ਦੇ ਢੰਗ ਪੈਦਾ ਕੀਤੇ ਜਾ ਰਹੇ ਸਨ, ਸੰਸਾਰ ਬੜਾ ਵਿਆਕੁਲ ਸੀ ਤੇ ਚਾਹੁੰਦਾ ਸੀ ਕਿ ਅਕਾਲ ਪੁਰਖ ਦਾਤਾਰ ਕੋਈ ਅਜੇਹਾ ਆਗੂ ਘਲੇ, ਜੋ ਅਜੇਹੇ ਦੁਖੀਆਂ ਨੂੰ ਰਾਹੇ ਪਾਵੇ। ਸੋ :—

"ਆਪ ਨਰਾਇਣ ਕਲਾ ਧਾਰ ਜਗ ਮੈਂ ਪਰਵਰਿਓ"

ਧੰਨ ਗੁਰੂ ਨਾਨਕ ਪਾਤਸ਼ਾਹ ਨੇ ਅਵਤਾਰ ਲਿਆ। ਆਪ ਨੇ ੭੦ ਸਾਲ ਦੀ ਆਯੂ ਤਕ ਇਕੋ ਕਰਮ ਕੀਤਾ :—

"ਜਿਤੀ ਨਵ ਖੰਡ ਮੇਦਨੀ, ਸਤਿਨਾਮ ਦਾ ਚੱਕ੍ਰ ਫਿਰਾਯਾ।"

ਇਸ ਮੰਤਰ ਦੁਆਰਾ ਪੱਥਰ ਮੋਮ ਕੀਤੇ, ਕੌੜੇ ਜ਼ੋਹਰ ਰੀਠੇ ਮਿੱਠੇ ਕਰ ਦਿਤੇ, ਚੋਰ ਤੇ ਠਗ ਸਾਧ ਬਨਾਏ, ਹੰਕਾਰੀਆਂ ਦੇ ਹੰਕਾਰ ਨਿਵਿਰਤ ਕੀਤੇ, ਅਧੂਰੇ ਪੂਰੇ ਕੀਤੇ ਤੇ ਸੰਸਾਰ ਵਿਚ, "ਮਿਟੀ ਧੁੰਧ ਜਗ ਚਾਨਣ ਹੋਆ।"

ਇਕ ਵਾਰ ਫਿਰ ਨਾਮ ਬਾਣੀ ਦਾ ਪ੍ਰਵਾਹ ਚਲਿਆ। ਤੇ ਗੁਰਮੁਖਤਾਈ ਦਾ ਸਮਾਂ ਆ ਗਿਆ। ਆਪ ਨਾਨਕ ਸ਼ਾਹੀ ਧਰਮ ਦੇ ਬਾਨੀ ਮੁਬਾਨੀ ਬਣੇ, ਜਿਸ ਧਰਮ ਵਿਚ ਸਰਬੱਤ ਦਾ ਭਲਾ ਮੰਗਿਆ ਤੇ ਉਤ੍ਰ ਵਿਚ ਫ਼ੁਰਮਾਇਆ :—

"ਪੁਛਨ ਖੋਲ ਕਿਤਾਬ ਨੂੰ, ਵੱਡਾ ਹਿੰਦੂ ਕਿ ਮੁਸਲਮਾਨੋਈ।
ਬਾਬਾ ਆਖੇ ਹਾਜੀਆਂ, ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ।"

ਇਹ ਇਕ ਐਸਾ ਸਾਂਝਾ ਧਰਮ ਸੀ ਜਿਸ ਨੂੰ ਹਿੰਦੂਆਂ ਮੁਸਲਮਾਨਾਂ ਆਦਿ ਸਭ ਨੇ ਅਪਨਾਇਆ। ਇਸ ਗੁਰ-ਸਿਖੀ ਦੇ ਮੱਤ ਨੂੰ ਕਾਇਮ ਰੱਖਣ ਲਈ ਜਗ੍ਹਾ ਜਗ੍ਹਾ ਧਰਮ ਸਾਲਾਂ ਕਾਇਮ ਕੀਤੀਆਂ ਤੇ ਸੇਵਕ ਥਾਪੇ ਤਾਂ ਜੋ ਜੁਗੋ ਜੁਗ ਕੇਵਲ "੧ ਓ" ਦਾ ਹੀ ਪ੍ਰਚਾਰ ਜਾਰੀ ਰਹੇ। ਇਸ ਨਾਨਕ-ਸ਼ਾਹੀ ਮੱਤ ਦੀਆਂ ਜੜ੍ਹਾਂ ਮਜ਼ਬੂਤ ਕੀਤੀਆਂ ਤੇ ਪ੍ਰਚਾਰ ਲਈ ਇਹ ਤਿੰਨ ਸਾਧਨ ਪੈਦਾ ਕੀਤੇ :—

(੧) ਗ੍ਰਹਸਤੀ ਪੁਤਰ, ਬਾਬਾ ਲਖਮੀ ਦਾਸ ਜੀ।
(੨) ਤਿਆਗੀ ਮਹਾਤਮਾ ਪੁਤਰ, ਬਾਬਾ ਸ੍ਰੀ ਚੰਦ ਜੀ।
(੩) ਸੰਗਤ ਦਾ ਸਰੂਪ ਪੁਤਰ, ਸ੍ਰੀ ਗੁਰੂ ਅੰਗਦ ਪਾਤਸ਼ਾਹ ਜੀ।

ਅਪਨੇ ਹਰ ਦੋ ਪੁਤਰ ਇਕ ਗ੍ਰਹਿਸਤੀ ਸ੍ਰੀ ਬਾਬਾ ਲਖਮੀ ਦਾਸ ਜੀ ਤੇ ਇਕ ਉਦਾਸੀ ਸਾਧੂ ਬਾਬਾ ਸ੍ਰੀ ਚੰਦ ਜੀ ਮਹਾਰਾਜ ਕਾਇਮ ਕੀਤੇ। ਤੇ ਅਪਨੀ ਗੱਦੀ ਜੋ ਅਕਾਲ ਪੁਰਖ ਦਾਤਾਰ ਦੀ ਵਸਤੂ ਸੀ, ਉਹ ਸਾਧ ਸੰਗਤ ਦੇ ਸਪੁਰਦ ਕੀਤੀ, ਤੇ ਆਪ ਦਸਾਂ ਜੋਤਾਂ ਦੇ ਸਰੂਪ ਵਿਚ ਆਏ। ਇੰਜ ਸਮੇਂ ਅਨੁਸਾਰ ਗੁਰੂ ਨਾਨਕ ਸ਼ਾਹੀ ਮੱਤ ਦਾ ਪ੍ਰਚਾਰ ਹੁੰਦਾ ਗਿਆ, ਤੇ ਅਕਾਲ ਪੁਰਖ ਦਾਤਾਰ ਦੀ ਉਸਤਤਿ ਵਿਚ ਬਾਣੀ ਉਚਾਰਨ ਕਰਦੇ ਚਲੇ ਗਏ, ਤੇ ਗਿਆਰਵੀਂ ਜੋਤ ਆਪ ਨੇ ਇਸ ਬਾਣੀ ਦੇ ਸਰੂਪ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਬਖ਼ਸ਼ੀ, ਜੋ ਅਜ ਵੀ ਸੰਗਤਾਂ ਨੂੰ ਇਕ ਅਕਾਲ ਪੁਰਖ ਦੀ ਰਾਹ ਤੇ ਚਲਾ, ਗੁਰਸਿਖੀ ਜੀਵਨ ਲਈ ਚਾਨਣ ਮੁਨਾਰਾ ਹੈ। ਅਤੇ ਸੰਗਤਾਂ ਦੀ ਸ਼ਰਧਾ ਤੇ ਜੀਵਨ ਦਾ ਸਹਾਰਾ ਹੈ।

ਬਾਬਾ ਸ੍ਰੀ ਚੰਦ ਜੀ ਮਹਾਰਾਜ ਦੇ ਜੀਵਨ ਮਹਾਤਮਾ ਦਾ ਸਰੂਪ ਹੋਣ ਦੇ ਕਾਰਨ ਗੁਰ-ਅੰਸ਼ ਦੀ ਪਦਵੀ ਹੇਠ ਸੰਗਤਾਂ ਪਾਸੋਂ ਸਤਿਕਾਰ ਪਾਂਵਦੇ ਰਹੇ। ਇਥੋਂ ਤਕ ਕਿ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤਕ ਪੂਰਨ ਰੂਪ ਵਿਚ ਸਤਿਕਾਰ ਪਾਇਆ। ਗੁਰੂ ਪਾਤਸ਼ਾਹ ਨੇ ਇਥੋਂ ਤਕ ਸਤਿਕਾਰ ਕੀਤਾ ਕਿ ਆਪਨਾ ਪੁੱਤ ਗੁਰਦਿਤਾ

ਇਸ ਸੰਪਰਦਾਇ ਨੂੰ ਭੇਟ ਹੀ ਕਰ ਦਿਤਾ। ਤੇ ਜਿਨ੍ਹਾਂ ਨੇ ੧੫੦ ਸਾਲ ਦੀ ਆਯੂ ਤਕ ਨਾਨਕ ਸ਼ਾਹੀ ਧਰਮ ਦਾ ਅਦੁੱਤੀ ਪ੍ਰਚਾਰ ਕੀਤਾ, ਤੇ ਅਜ ਤਕ ਉਦਾਸੀ ਸੰਮਪ੍ਰਦਾਇ ਸਿਖ ਧਰਮ ਦਾ ਪ੍ਰਚਾਰ ਕਰਦੀ ਚਲੀ ਆ ਰਹੀ ਹੈ।

ਦੂਸਰੀ ਸ਼ਾਖ਼ ਗ੍ਰਿਹਸਤੀਆਂ ਦੀ ਹੋਈ ਸ੍ਰੀ ਬਾਬਾ ਲਖਮੀ ਦਾਸ ਜੀ ਦੀ, ਜੋ ਅਜ ਤਕ ਗੁਰੂ ਨਾਨਕ ਸ਼ਾਹੀ ਧਰਮ ਦੇ ਪ੍ਰਚਾਰ ਵਿਚ ਜੁਟੀ ਹੋਈ ਹੈ। ਇਹ ਸਾਰੀ ਬੰਸਾਵਲੀ ਇਸ ਪ੍ਰਕਾਰ ਹੈ :—

**ਧੰਨ ਧੰਨ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ**

- ਗੁਰੂ ਜੋਤ ਵਿਚੋਂ ਜੋਤ ਸਰੂਪ ਧਨ ਸ੍ਰੀ ਗੁਰੂ ਅੰਗਦ ਦੇਵ ਜੀ
  - ਸ੍ਰੀ ਗੁਰੂ ਅਮਰ ਦਾਸ ਜੀ
  - ਸ੍ਰੀ ਗੁਰੂ ਰਾਮ ਦਾਸ ਜੀ
  - ਸ੍ਰੀ ਗੁਰੂ ਅਰਜਨ ਦੇਵ ਜੀ
  - ਸ੍ਰੀ ਗੁਰੂ ਹਰਿ ਗੋਬਿਦ ਜੀ
  - ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ
  - ਸ੍ਰੀ ਗੁਰੂ ਹਰਿ ਰਾਇ ਜੀ
  - ਸ੍ਰੀ ਗੁਰੂ ਤੇਗ਼ ਬਹਾਦਰ ਜੀ
  - ਸ੍ਰੀ ਗੁਰੂ ਗੋਬਿੰਦ ਸਿੰਘ ਜੀ
  - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
- ਸ੍ਰੀ ਬਾਬਾ ਸ੍ਰੀ ਚੰਦ ਜੀ (ਉਦਾਸੀ ਸੰਪ੍ਰਦਾਇ ਦੇ ਮੁਖੀ)
- ਬਿੰਦੀ ਸੰਤਾਨ: ਸ੍ਰੀ ਬਾਬਾ ਲਖਮੀ ਚੰਦ ਜੀ
  - ਸ੍ਰੀ ਬਾਬਾ ਧਰਮ ਚੰਦ ਜੀ
  - ਸ੍ਰੀ ਬਾਬਾ ਮਾਣਕ ਦਾਸ ਜੀ
  - ਸ੍ਰੀ ਬਾਬਾ ਦਾਤਾਰ ਚੰਦ ਜ
  - ਸ੍ਰੀ ਬਾਬਾ ਪਹਾੜ ਚੰਦ ਜੀ
  - ਸ੍ਰੀ ਬਾਬਾ ਹਰਕਰਨ ਚੰਦ ਜੀ
  - ਸ੍ਰੀ ਬਾਬਾ ਨਿਹਾਲ ਚੰਦ ਜੀ
  - ਸ੍ਰੀ ਬਾਬਾ ਕਲਾਧਾਰੀ ਜੀ
  - ਸ੍ਰੀ ਬਾਬਾ ਅਜੀਤ ਸਿੰਘ ਜੀ
  - **ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ**
    - ਸ੍ਰੀ ਬਾਬਾ ਬਿਸ਼ਨ ਸਿੰਘ ਜੀ
      - ਸ੍ਰੀ ਬਾਬਾ ਅਤਰ ਸਿੰਘ ਜੀ
      - ਸ੍ਰੀ ਬਾਬਾ ਖੇਮ ਸਿੰਘ ਜੀ
    - ਸ੍ਰੀ ਬਾਬਾ ਤੇਗ਼ ਸਿੰਘ ਜੀ
    - **ਸ੍ਰੀ ਬਾਬਾ ਬਿਕ੍ਰਮਾ ਸਿੰਘ ਜੀ**
      - ਸ੍ਰੀ ਬਾਬਾ ਸੁਜਾਨ ਸਿੰਘ ਜੀ
      - ਸ੍ਰੀ ਬਾਬਾ ਰਾਮ ਕਿਸ਼ਨ ਸਿੰਘ ਜੀ
      - ਸ੍ਰੀ ਬਾਬਾ ਦੇਵਿੰਦਰ ਸਿੰਘ ਜੀ
      - ਸ੍ਰੀ ਬਾਬਾ ਮਧੁਸੂਦਨ ਸਿੰਘ ਜੀ

ਸ੍ਰੀ ਬਾਬਾ ਲਖਮੀ ਦਾਸ ਜੀ ਦੇ ਸਪੁਤ੍ਰ ਸ੍ਰੀ ਬਾਬਾ ਧਰਮ ਚੰਦ ਜੀ ਨੇ ਬਚਪਣ ਤੋਂ ਪ੍ਰਵਰਸ਼ ਸ੍ਰੀ ਬਾਬਾ ਸ੍ਰੀ ਚੰਦ ਜੀ (ਉਦਾਸੀ ਸੰਪ੍ਰਦਾਇ ਦੇ ਮੁਖੀ) ਪਾਸੋਂ ਪਾਈ ਤੇ ਪ੍ਰਚਾਰ ਦੀ ਲੜੀ ਕਾਇਮ ਰਖੀ। ਉਪਰੰਤ ਆਇਆ ਸਮਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ (ਦਸਵੀਂ ਜੋਤਿ ਧੰਨ ਧੰਨ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ) ਜੋ ਬਹੁਤ

ਹੀ ਭਿਆਨਕ ਸੀ। ਮੁਗਲ ਹਕੂਮਤ ਨਾਲ ਮੁਕਾਬਲਾ ਸੀ ਤੇ ਹਿੰਦੂ ਪਹਾੜੀ ਰਾਜੇ ਆਪ ਜੀ ਦਾ ਸਾਥ ਨਹੀਂ ਦੇਂਦੇ ਸਨ। ਅਜਿਹੀ ਹਾਲਤ ਅੰਦਰ ਆਪ ਜੀ ਨੇ ਸ੍ਰੀ ਬਾਬਾ ਕਲਾਧਾਰੀ ਜੀ ਨੂੰ ਇਸ ਪਹਾੜੀ ਇਲਾਕੇ ਦੀ ਜਨਤਾ ਵਿਖੇ ਸਿਖੀ ਪ੍ਰਚਾਰ ਲਈ ਨੀਯੱਤ ਕੀਤਾ। ਸ੍ਰੀ ਬਾਬਾ ਕਲਾਧਾਰੀ ਜੀ ਗੁਰੂ ਨਾਨਕ ਪਾਤਸ਼ਾਹ ਜੀ ਦੀ ਅੰਸ਼ ਵਿਚੋਂ ਨਾਵੀਂ ਥਾਂ ਤੇ ਸਨ ਤੇ ਗੁਰੂ ਘਰ ਦਾ ਪ੍ਰਚਾਰ ਕਰਨਾ ਆਪ ਦਾ ਮੁਖ ਧਰਮ ਸੀ। ਸੋ ਆਪ ਜੀ ਨੇ ਗੁਰੂ-ਬਾਣੀ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਕਰਨੀ ਸ਼ੁਰੂ ਕੀਤੀ ਤੇ ਹਜ਼ਾਰਾਂ ਵਿਅਕਤੀ ਗੁਰੂ ਨਾਨਕ ਸ਼ਾਹੀ ਧਰਮ ਵਿਚ ਰੰਗੇ ਗਏ। ਇਹ ਕੁਛ ਵੇਖ ਕੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਬਹੁਤ ਹੀ ਪ੍ਰਸਨ ਹੋਏ ਤੇ ਆਪ ਨੂੰ (ਸ੍ਰੀ ਬਾਬਾ ਕਲਾਧਾਰੀ ਜੀ ਨੂੰ) ਵਰ ਦਿਤਾ ਕਿ ਉਹਨਾਂ ਦੇ ਗ੍ਰਿਹਿ ਇਕ ਐਸਾ ਵਡ-ਪ੍ਰਤਾਪੀ ਪੋਤਰਾ ਪੈਦਾ ਹੋਵੇਗਾ, ਜੋ ਗੁਰੂ ਘਰ ਦੀ ਸਿਖੀ ਨੂੰ ਚਾਰ ਚੰਨ ਲਾਵੇ ਗਾ। ਸੋ ਇਸ ਭਵਿਖ ਵਰ-ਦਾਨ ਸਦਕਾ ਹੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦਾ ਸ਼ੁਭ ਜਨਮ ਹੋਇਆ।

ਇਸ ਮਾਸਕ ਪੱਤ੍ਰ 'ਅਜੂਨੀ' ਦਾ ਜੋ ਇਹ "ਸ੍ਰੀ ਬਾਬਾ ਬਿਕ੍ਰਮਾ ਸਿੰਘ ਜੀ" ਸੰਬੰਧੀ ਵਿਸ਼ੇਸ਼ ਨੰਬਰ ਉਹਨਾਂ ਦੇ ਮਹਾਨ ਅਦੁੱਤੀ ਪਰ-ਉਪਕਾਰਾਂ ਨੂੰ ਦਰਸਾਉਨ ਹਿਤ ਪ੍ਰਕਾਸ਼ਤ ਹੋਇਆ ਹੈ, ਉਸ ਵਿਚ ਇਹ ਦਾਸ ਵੀ ਕੁਝ ਇਤਿਹਾਸ ਸੰਗਤਾਂ ਦੀ ਸੂਝ ਲਈ ਵਰਣਨ ਕਰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ, ਖ਼ਤਰੀ, ਬ੍ਰਹਿਮਨ, ਸੂਦ, ਵੈਸ਼ ਦਾ ਭਰਮ ਭੇਦ ਦੂਰ ਕਰ ਕੇ ਸਭ ਨੂੰ ਇਕੋ ਬਾਟੇ ਵਿਚੋਂ ਖੰਡੇ ਦਾ ਅੰਮ੍ਰਿਤ ਪਾਣ ਕਰਾਇਆ ਤੇ ਸਿਖ ਤੋਂ ਸਿੰਘ ਸਜਾਇਆ, ਉਸ ਸੋਹਣੀ ਫੁਲਵਾੜੀ ਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਨੇ ਅਪਨੇ ਅੰਤਮ ਸਵਾਸਾਂ ਤਕ ਪ੍ਰਵਰਸ਼ ਕੀਤੀ। ਆਪ ਜੀ ਨੇ ਅਪਨੀ ਬਚਪਨ ਦੀ ੧੨ ਸਾਲ ਆਯੂ ਤਪਸਿਆ ਵਿਚ ਗੁਜ਼ਾਰੀ, ਤਖ਼ਤ ਸ੍ਰੀ ਕੇਸ ਗੜ੍ਹ (ਸ੍ਰੀ ਅਨੰਦਪੁਰ ਸਾਹਿਬ) ਹਾਜ਼ਰ ਹੋ ਕੇ ਖੰਡੇ ਦਾ ਅੰਮ੍ਰਿਤ ਪਾਣ ਕੀਤਾ, ਤਿਆਰ ਬਰ ਤਿਆਰ ਹੋ ਸ਼ਸਤਰ ਵਿਦਿਆ ਵਿਚ ਪੂਰੀ ਪੂਰੀ ਨਿਪੁੰਨਤਾ ਪ੍ਰਾਪਤ ਕੀਤੀ, ਤੇ ਸਾਰੇ ਪੰਜਾਬ ਦੀ ਧਰਤੀ ਤੇ ਘੁੰਮ ਕੇ ਗੁਰੂ ਨਾਨਕ ਦਾ ਉਪਦੇਸ਼ ਕਰਦੇ ਹੋਏ ਹਜ਼ਾਰਾਂ ਲਖਾਂ ਨੂੰ ਅੰਮ੍ਰਿਤ ਛਕਾਇਆ। ਤੇ "ਖ਼ਾਲਸਾ ਮੇਰੋ ਰੂਪ ਹੈ ਖ਼ਾਸ" ਵਾਲਾ 'ਗੁਰੂ-ਸੰਦੇਸ਼" ਦ੍ਰਿੜ ਕਰਵਾ ਕੇ ਸਭ ਨੂੰ ਇਕ ਗੁਰੂ ਨਾਨਕ ਪਾਤਸ਼ਾਹ ਦੇ ਝੰਡੇ ਹੇਠ ਲਿਆ, ਸਭ ਦਾ ਸਾਂਝਾ ਸਿਖ ਰਾਜ ਕਾਇਮ ਕੀਤਾ। ਅਪਨੀ ਸੰਪ੍ਰਦਾਏ ਦੇ ੨੦੦੦ ਬੇਦੀ ਸਾਹਿਬਜ਼ਾਦਿਆਂ ਨੂੰ ਸਾਰੇ ਪੰਜਾਬ ਵਿਚ ਜਗ੍ਹਾ ਜਗ੍ਹਾ ਬਠਾਇਆ, ਜਿਨ੍ਹਾਂ ਧੰਨ ਗੁਰੂ ਨਾਨਕ ਪਾਤਸ਼ਾਹ ਵਾਲਾ "ਇਕੋ ਗੁਰ ਉਪਦੇਸ਼ ਚਲਾਇਆ।" ਸਿੱਟੇ ਵਜੋਂ ਸਾਰੀ ਕੌਮ ਇਕ ਰਸਤੇ ਤੇ ਆ ਗਈ ਤੇ ਖ਼ਾਲਸੇ ਦੀਆਂ ਚੜ੍ਹਦੀਆਂ ਕਲਾਂ ਹੋ ਗਈਆਂ। ਇਤਨੀ ਉਚੀ ਪਦਵੀ, ਹਕੂਮਤ ਦੇ ਹੁੰਦੇ ਹੋਇਆਂ ਤੇ ਗੁਰੂ ਅੰਸ ਬੰਸ ਹੋਨ ਤੇ ਵੀ ਖ਼ੁਦ ਹਕੂਮਤ ਨਹੀਂ ਸੀ ਸੰਭਾਲੀ, ਬਲਕਿ ਅਪਨੇ ਸੇਵਕ ਰਣਜੀਤ ਸਿੰਘ ਨੂੰ ਵਿਸਾਖੀ ਵਾਲੇ ਦਿਨ ਤਖ਼ਤ ਤੇ ਬਿਠਾ ਕੇ ਸਮੂਹ ਧਰਮਾਂ ਤੇ ਕੌਮਾਂ ਦੀ ਸਾਂਝੀ ਖ਼ਾਲਸਾ ਸਰਕਾਰ ਕਾਇਮ ਕਰ ਦਿਤੀ। ਇਤਨਾ ਭਾਰੀ ਪ੍ਰਤਾਪ ਹੁੰਦੇ ਹੋਇਆਂ ਵੀ ਆਪ ਨਿੰਮ੍ਰਤਾ ਦੇ ਪੁੰਜ ਸਨ ਤੇ ਹਰ ਵਿਅਕਤੀ ਦਾ ਸਦਾ ਆਦਰ ਤੇ ਸਤਿਕਾਰ ਕਰਿਆ ਕਰਦੇ ਸਨ। ਇਕ ਵਾਰ ਆਪ ਜੀ ਡੇਰਾ ਬਾਬਾ ਨਾਨਕ ਗਏ। ਆਪ ਹਮੇਸ਼ਾਂ ਦਰਬਾਰ ਲਗਾ ਪਲੰਘ ਉਤੇ ਬੈਠਿਆ ਕਰਦੇ ਸਨ, ਪਰ ਅਜ ਹੁਕਮ ਕੀਤਾ ਕਿ ਮੰਜਾ ਨਾ ਲਗਾਇਆ ਜਾਵੇ ਤੇ ਜ਼ਮੀਨ ਉਪਰ ਹੀ ਦਰੀਆਂ ਵਿਛਾ ਕੇ ਜਗ੍ਹਾ ਬਨਾ ਦਿਤੀ ਜਾਵੇ। ਤੇ ਫ਼ੁਰਮਾਇਆ "ਅਸੀਂ ਬਰਾਦਰੀ ਭਾਈ ਚਾਰੇ ਵਿਚ ਆਏ ਹਾਂ, ਇਸ ਲਈ ਸਭ ਦੇ ਬਰਾਬਰ ਹੀ ਬੈਠਾਂ ਗੇ।" ਪਰ ਬਰਾਦਰੀ ਇਹ ਕਿਵੇਂ ਬਰਦਾਸ਼ਤ ਕਰ ਸਕਦੀ ਸੀ ਜੋ ਉਨ੍ਹਾਂ ਦੇ ਮੁਖੀ ਗੁਰੂ-ਅੰਸ਼ ਜ਼ਮੀਨ ਤੇ ਬੈਠਨ। ਸੋ ਉਨ੍ਹਾਂ ਸਭ ਨੇ ਕਿਹਾ ਕਿ ਆਪ ਸਾਡੇ ਪੂਜਯ ਹੋ, ਇਸ ਲਈ ਆਪ ਮੰਜੇ ਤੇ ਹੀ ਬੈਠੋ, ਪਰ ਮਹਾਰਾਜ ਨੇ ਫਿਰ ਵੀ ਪ੍ਰਵਾਨਗੀ ਨਾ ਦਿਤੀ। ਪਰ ਦੂਜੇ ਦਿਨ ਵਿਸਾਖੀ ਵਾਲੇ ਦਿਨ ਸਮੂਹ ਬੇਦੀ ਸਾਹਿਬ ਜ਼ਾਦਿਆਂ ਨੇ ਗੱਦੀ ਲਗਾ ਕੇ ਆਪ ਜੀ ਨੂੰ ਉਸ ਉਪਰ ਬਿਠਾ ਕੇ ਪੰਜ ਪੈਸੇ ਤੇ ਨਾਰੀਅਲ ਸਾਹਮਣੇ ਰਖ, ਬਰਾਦਰੀ ਵਲੋਂ ਗੁਰਿਆਈ ਦਿਤੀ, ਮਥਾ ਟੇਕਿਆ ਤੇ ਆਖਿਆ ਅਜ ਤੋਂ ਆਪ ਸਾਡੇ ਗੁਰੂ ਹੋ। ਇੰਜ ਇਹ ਬੇਦੀ

ਅੰਸ਼-ਬੰਸ਼ ਦੀ ਗੁਰ-ਗੱਦੀ ਚਲੀ। ਪਰ ਆਪ ਜੀ ਵਿਚ ਫਿਰ ਵੀ ਕੋਈ ਹੰਕਾਰ ਨਾ ਆਇਆ ਤੇ ਗਿਆਰਵੀਂ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਪ ਸੇਵਕ ਤੇ ਪੁਜਾਰੀ ਹੀ ਚਲੇ ਆਏ। ਇਕ ਅੰਗਰੇਜ਼ ਲਿਖਾਰੀ ਲਿਖਦਾ ਹੈ ਕਿ "ਆਪ ਸਿਖ ਕੌਮ ਦੇ ਪੋਪ (Pope) ਹਨ।"

ਇਕ ਸਮੇਂ ਸਰਦੀ ਦੇ ਦਿਨਾਂ ਵਿਚ ਇਕ ਸੰਤ ਮੰਡਲੀ ਊਨਾ ਸਾਹਿਬ ਵਿਖੇ ਉਸ ਸਮੇਂ ਪੁਜੀ ਜਦ ਕਿ ਅਠ ਦਿਨਾਂ ਤੋਂ ਬੜੀ ਭਾਰੀ ਬਾਰਸ਼ ਹੋ ਰਹੀ ਸੀ। ਉਹਨਾਂ ਨੂੰ ਆਪ ਦੇ ਡੇਰੇ ਦੀ ਖ਼ਬਰ ਹੋਈ ਤਾਂ ਆਪ ਪਾਸ ਪੁਜੇ। ਆਪ ਜੀ ਨੇ ਅਪਨੇ ਸੇਵਕਾਂ ਨੂੰ ਹੁਕਮ ਕੀਤਾ ਕਿ ਜਾਉ ਸੰਤ ਮੰਡਲੀ ਨੂੰ ਅੱਗ ਸਿਕਾਉ ਤੇ ਪ੍ਰਸਾਦ ਤਿਆਰ ਕਰੋ। ਲਾਂਗਰੀਆਂ ਆਖਿਆ ਕਿ ਹੋਰ ਤਾਂ ਸੀਧਾ ਆਦਿਕ ਸਭ ਕੁਛ ਬਿਅੰਤ ਹੈ, ਪਰ ਸੁਕੀਆਂ ਲਕੜੀਆਂ ਖ਼ਤਮ ਹਨ। ਉਤ੍ਰ ਵਿਚ ਸ੍ਰੀ ਬਾਬਾ ਸਾਹਿਬ ਸਿੰਘ ਜੀ ਨੇ ਫ਼ੁਰਮਾਇਆ ਕਿ ਜਾਉ ਰਸਦ ਤਿਆਰ ਕਰੋ ਤੇ ਲਕੜੀਆਂ ਦਾ ਪ੍ਰਬੰਧ ਮੈਂ ਆਪ ਕਰਦਾ ਹਾਂ। ਸੇਵਾਦਾਰ ਜਦ ਮੁੜ ਕੇ ਵਾਪਸ ਆਏ ਤਾਂ ਕੀ ਡਿਠਾ ਕਿ ਸ੍ਰੀ ਬਾਬਾ ਜੀ ਨੇ ਇਕ ਕੁਲਹਾੜਾ ਲੈ ਅਪਨੇ ਮਹਿਲਾਂ ਦੇ ਦਰਵਾਜ਼ੇ, ਤਖ਼ਤੇ ਤੇ ਕੜੀਆਂ ਫਾੜ ਫਾੜ ਲਕੜ ਤਿਆਰ ਕੀਤੀ ਹੋਈ ਹੈ। ਸੇਵਾਦਾਰਾਂ ਅਹਿਲਕਾਰਾਂ ਆਖਿਆ ਕਿ ਮਹਾਰਾਜ ਇਹ ਤਾਂ ਹਜ਼ਾਰਾਂ ਰੁਪਿਆਂ ਦੀ ਤਿਆਰ ਲਕੜੀ ਦਾ ਸਮਾਨ ਨੁਕਸਾਨ ਹੋ ਗਿਆ ਹੈ। ਪਰ ਆਪ ਨੇ ਫ਼ੁਰਮਾਇਆ ਕਿ ਇਹ ਤਖ਼ਤੇ ਤੇ ਦਰਵਾਜ਼ੇ ਤਾਂ ਫੇਰ ਵੀ ਬਨ ਜਾਵਨਗੇ, ਪਰ ਇਹ ਸਾਧੂ ਮਹਾਤਮਾਂ ਦੀ ਸੇਵਾ ਮੁੜ ਲਖੀਂ ਤੇ ਹਜ਼ਾਰੀਂ ਵੀ ਹੱਥ ਨਹੀਂ ਸੀ ਆਉਨੀ। ਇਹ ਹੈ "ਗੁਰੂ ਨਾਨਕ ਸ਼ਾਹੀ" ਸੌਖਾ ਜਿਹਾ "ਧਰਮ" ਜੋ ਵਿਸਥਾਰ ਵਿਚ ਨਹੀਂ, ਸੁਖਸ਼ਮ ਤੌਰ ਤੇ ਦੱਸਣ ਦਾ ਯਤਨ ਕੀਤਾ ਹੈ।

ਸ੍ਰੀ ਬਾਬਾ ਸਾਹਿਬ ਸਿੰਘ ਮਹਾਰਾਜ ਬਾਰੇ ਸਰਦਾਰ ਕਪੂਰ ਸਿੰਘ ਜੀ ਰੀਟਾਇਰਡ ਆਈ. ਸੀ. ਐਸ, ਇਸ ਤਰ੍ਹਾਂ ਫ਼ੁਰਮਾਉਂਦੇ ਹਨ।—

"ਮੇਰੀ ਬੜੀ ਇਛਾ ਸੀ, ਕਿ ਆਪ ਊਨੇ ਸਾਹਿਬ ਹਾਜ਼ਰ ਹੋ ਕੇ ਬ੍ਰਹਮ ਗਿਆਨੀ, ਗੁਰਮੁਖ, ਮਹਾਨ ਆਤਮਾ, ਸ੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ ਕੁਲ ਰਤਨ ਜੀ ਦੇ ਚਰਨਾਂ ਵਿਚ ਉਹਨਾਂ ਦੇ ਜਨਮ ਦਿਨ ਪੁਰਬ ਉਤੇ ਹਾਰਦਿਕ ਸ਼ਰਧਾਂਜਲੀ ਭੇਟ ਕਰਦਾ, ਪਰ ਮੇਰੀਆਂ ਜ਼ਾਤੀ ਉਲਝਣਾਂ ਨੇ ਮੈਨੂੰ ਇਹ ਸੁਭਾਗ ਪਰਾਪਤ ਨਹੀਂ ਹੋਣ ਦਿਤਾ।

ਸ੍ਰੀ ਬਾਬਾ ਸਾਹਿਬ ਸਿੰਘ ਜੀ ਨਿਰਸੰਦੇਹ ਐਸੀ ਉਚ ਆਤਮਾ ਸਨ ਜਿਨ੍ਹਾਂ ਬਾਬਤ ਦਸਮ ਪਾਤਸ਼ਾਹ ਦਾ ਵਚਨ ਹੈ ਕਿ :—

"ਆਤਮ ਰਸ ਜਿਨ੍ਹ ਜਾਣਿਓ ਸੋਈ ਖਾਲਸਾ ਦੇਵ,
ਪ੍ਰਭ ਮੈਂ, ਮੁਝ ਮੈਂ, ਤਾਸ ਮੈਂ, ਰੰਚਕ ਨਾਹਨ ਭੇਵ।"

ਉਨ੍ਹਾਂ ਨੇ ਬੜੇ ਔਖੇ ਵੇਲੇ, ਅਨੇਕ ਘਾਲਾਂ ਘਾਲ ਕੇ, ਪੰਥ ਨੂੰ ਰਾਜਸੀ ਅਤੇ ਆਤਮਕ ਔਜ ਉਤੇ ਪੁਚਾਉਣ ਦਾ ਯਤਨ ਅਤੇ ਪਰਉਪਕਾਰ ਕੀਤਾ। ਜੇ ਉਸ ਵੇਲੇ ਦੇ ਸਿਖ ਆਗੂ ਮਹਾਨ ਬਾਬਾ ਜੀ ਦੀਆਂ ਰਾਜਨੀਤਕ ਸਲਾਹਾਂ ਅਤੇ ਧਾਰਮਿਕ ਉਪਦੇਸ਼ਾਂ ਵਲ ਧਿਆਨ ਦਿੰਦੇ ਤਾਂ ਸਿਖ ਰਾਜ ਅਜ ਸਾਰੇ ਉਤਰੀ ਭਾਰਤ ਉਤੇ ਸਥਾਪਤ ਹੋਇਆ ਹੁੰਦਾ, ਅੰਗਰੇਜ਼ਾਂ ਦੇ ਪੈਰ ਕਦੇ ਭਾਰਤ ਵਿਚ ਨਾ ਜੰਮਦੇ, ਅਤੇ ਸਿਖ ਕੌਮ ਅਜ ਸੰਸਾਰ ਭਰ ਦੀਆਂ ਪ੍ਰਤਿਸ਼ਟ ਅਤੇ ਗੌਰਵਸ਼ਾਲੀ ਕੌਮਾਂ ਵਿਚ ਮੋਹਰੇ ਹੁੰਦੀ। ਪਰ ਬਾਬਾ ਜੀ ਦੇ ਬਚਨਾਂ ਉਪਦੇਸ਼ਾਂ ਨੂੰ ਪੰਥ ਨੇ ਗੌਰ ਨਾਲ ਨਾ ਸੁਣਿਆ ਵਿਚਾਰਿਆ, ਜਿਸ ਦਾ ਫਲ ਅਸੀਂ ਅਜ ਭੁਗਤ ਰਹੇ ਹਾਂ।

ਅਜ ਜੋ ਸੰਗਤਾਂ ਫੇਰ ਮਹਾਨ ਬਾਬਾ ਜੀ ਦੀਆਂ ਕਰਨੀਆਂ ਤੇ ਕਹਿਣੀ ਦੀ ਸਿਮ੍ਰਤੀ ਕਰਨ ਲਈ ਇਕੱਠੀਆਂ ਹੋਈਆਂ ਹਨ, ਤਾਂ ਉਹਨਾਂ ਦਾ ਪੁਰਬ ਮਨਾਉਣਾ ਇਹੋ ਹੈ ਕਿ ਉਹਨਾਂ ਦੇ ਉਪਦੇਸ਼ਾਂ ਨੂੰ ਵਿਚਾਰ ਕੇ ਉਨ੍ਹਾਂ ਉਤੇ ਅਮਲ ਕੀਤੇ ਜਾਵੇ। ਨਾਮ ਸਿਮਰਨ, ਪਰ-ਉਪਕਾਰ, ਸੇਵਾ, ਪੰਥ ਲਈ ਆਪਾ ਵਾਰਨਾ ਅਤੇ ਸ਼ਤਰੂਆਂ ਮਿਤਰਾਂ ਦੀ

ਪਛਾਣ ਕਰਕੇ ਸਦਾ ਸਾਵਧਾਨ ਰਹਿਣਾ, ਇਹੋ ਮਹਾਨ ਬਾਬਾ ਜੀ ਦੇ ਉਪਦੇਸ਼ ਸਨ। ਇਹਨਾਂ ਉਤੇ ਚਲਕੇ ਅਸੀਂ ਅਜ ਫੇਰ ਆਪਣੀ ਅਧੋਗਤੀ ਵਿਚੋਂ ਨਿਕਲ ਸਕਦੇ ਹਾਂ। ਬਾਬਾ ਜੀ ਦੀ ਮਹਾਨ ਆਤਮਾ ਤਾਂ ਪੰਥ ਦੀ ਸਹਾਇਤਾ ਲਈ ਸਦਾ ਤਤਪਰ ਹੈ। ਲੋੜ ਕੇਵਲ ਇਸ ਗਲ ਦੀ ਹੈ ਕਿ ਅਸੀਂ ਉਹਨਾਂ ਦੀ ਕਿਰਪਾ ਦੇ ਪਾਤਰ ਬਣੀਏ।"

ਹਜ਼ੂਰ ਸ੍ਰੀ ਬਾਬਾ ਸਾਹਿਬ ਸਿੰਘ ਜੀ ਸਬੰਧੀ ਸਚਿਖੰਡ ਵਾਸੀ ਸ. ਤੇਜਾ ਸਿੰਘ ਜੀ ਪ੍ਰਿੰਸੀਪਲ ਖ਼ਾਲਸਾ ਕਾਲਜ ਅੰਮ੍ਰਿਤਸਰ ਵਾਲਿਆਂ ਇਸ ਤਰ੍ਹਾਂ ਲਿਖਿਆ ਸੀ :—

"ਮੈਂ ਪ੍ਰਾਰਥਨਾ ਕਰਦਾ ਹਾਂ ਕਿ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦਾ ਜਨਮ ਉਤਸਵ ਦਿਨ ਦੂਣੀ ਤੇ ਰਾਤ ਚੌਗਣੀ ਤਰੱਕੀ ਕਰੇ, ਆਪ ਸਿਖ ਤਵਾਰੀਖ਼ ਦੀ ਇਕ ਮਹਾਨ ਹਸਤੀ ਸਨ, ਸਿੰਘ ਰਾਜ ਦੇ ਥਾਪਨ ਵਾਲੇ ਸਨ ਤੇ ਸਿਖ ਰਾਜ ਨੂੰ ਚਮਕਾਉਣ ਵਿਚ ਆਪ ਦਾ ਖ਼ਾਸ ਹੱਥ ਸੀ। ਆਪ ਦੀ ਸਲਾਹ ਮਸ਼ਵਰੇ ਬਗ਼ੈਰ, ਮਹਾਰਾਜਾ ਸ਼ੇਰੇ ਪੰਜਾਬ ਐਸਾ ਮਹਾਰਾਜਾ ਨਾ ਹੋ ਸਕਦਾ ਤੇ ਇਹੋ ਜਿਹੇ ਵਡੇਰੇ ਕੰਮ ਨਾ ਕਰ ਸਕਦਾ। ਹਜ਼ੂਰ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਨੇ ਸ਼ੇਰੇ ਪੰਜਾਬ ਨੂੰ ਉਹਨਾਂ ਔਖੇ ਦਿਹਾੜਿਆਂ ਵਿਚ ਹਿੰਦੁਸਤਾਨ ਦੀ ਤਵਾਰੀਖ਼ ਵਿਚ ਸੂਰਜ ਦੀ ਤਰ੍ਹਾਂ ਚਮਕਾਇਆ।"

ਆਪ ਜੀ ਬਾਰੇ ਅਕਾਲੀ ਪੱਤ੍ਰਿਕਾ ਵਿਚ ਇਕ ਮਜ਼ਮੂਨ ਇਸ ਤਰ੍ਹਾਂ ਛਪਿਆ :—

"ਇਸ ਧੰਨ ਗੁਰੂ ਨਾਨਕ ਦੇਵ ਜੀ ਦੇ ਧਰਮ ਪ੍ਰਚਾਰ ਦੀ ਲੜੀ ਜੋ ਆਪ (ਸ੍ਰੀ ਬਾਬਾ ਸਾਹਿਬ ਸਿੰਘ ਜੀ) ਨੇ ਚਲਾਈ ਉਸ ਨੇ ਸਿਖ ਕੌਮ ਨੂੰ ਉਚਿਆਂ ਤੇ ਸੁਚਿਆਂ ਕੀਤਾ। ਆਪ ਜੀ ਨੇ ਸਿਖ ਰਾਜ ਬਨਾ ਸ਼ੇਰੇ ਪੰਜਾਬ ਨੂੰ ਤਖ਼ਤੋ ਤਾਜ ਦਾ ਮਾਲਕ ਬਨਾਇਆ। ਅਪਨੀ ਸੰਪ੍ਰਦਾਇ ਕਾਇਮ ਕਰ 2000 ਬੇਦੀ ਸਾਹਿਬ ਜ਼ਾਦਿਆਂ ਨੂੰ ਜਗ੍ਹਾ ਜਗ੍ਹਾ ਪੰਜਾਬ ਦੀ ਧਰਤੀ ਤੇ ਬਿਠਾ ਧਰਮ ਦਾ ਪ੍ਰਚਾਰ ਜਾਰੀ ਰਖਿਆ। ਆਪ ਦੇ ਪਿਛੋਂ ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ ਨੇ ਗੱਦੀ ਦੀ ਸੰਭਾਲ ਕੀਤੀ ਤੇ ਧੰਨ ਗੁਰੂ ਨਾਨਕ ਪਾਤਸ਼ਾਹ ਦੇ ਸੇਵਕ ਬਨ ਪ੍ਰਚਾਰ ਦੀ ਲੜੀ ਨੂੰ ਕਾਇਮ ਕੀਤਾ। ਆਪ ਨੇ ਹੀ ਮਹਾਰਾਜ ਸ਼ੇਰ ਸਿੰਘ ਨੂੰ ਰਣਜੀਤ ਸਿੰਘ ਪਿਛੋਂ 2\)-1-1841 ਨੂੰ ਤਿਲਕ ਲਗਾ ਰਾਜ ਤਖ਼ਤ ਤੇ ਬਿਠਾਇਆ ਜੋ 15-9-1893 ਤਕ ਕਾਇਮ ਰਹੇ।

ਅੰਗਰੇਜ਼ ਜਾਣਦਾ ਸੀ ਕਿ ਜਦ ਤਕ ਇਸ ਸੂਝ ਬੂਝ ਵਾਲੀ ਬੇਦੀ ਬੰਸ ਦਾ ਨਾਸ਼ ਨਾ ਕਰ ਦਿਆਂਗੇ ਉਸ ਵਕਤ ਤਕ ਉਹ ਪੰਜਾਬ ਦੀ ਧਰਤੀ ਤੇ ਕਦਮ ਨਾ ਰਖ ਸਕੇਗਾ ਤੇ ਰਾਜ ਨਾ ਕਰ ਸਕੇਗਾ। ਸੋ ਅੰਗਰੇਜ਼ ਨੇ ਅਪਨੀ ਕੁਟਲ ਨੀਤੀ ਨਾਲ ਤੇ ਡੋਗਰਿਆਂ ਦੀ ਮਦਦ ਨਾਲ ਮਹਾਰਾਜਾ ਸ਼ੇਰ ਸਿੰਘ, ਉਸ ਦੇ ਪੁਤਰ ਪ੍ਰਤਾਪ ਸਿੰਘ ਅਤੇ ਹੋਰ ਪੁਤਰ ਪਸ਼ੌਰਾ ਸਿੰਘ, ਕਸ਼ਮੀਰਾ ਸਿੰਘ ਆਦਿ ਨੂੰ ਮਰਵਾ ਦਿਤਾ। ਤੇ ਡੋਗਰਿਆਂ ਵਿਚੋਂ ਧਿਆਨ ਸਿੰਘ, ਸੁਚੇਤ ਸਿੰਘ, ਹੀਰਾ ਸਿੰਘ ਵੀ ਖ਼ਤਮ ਕਰ ਦਿਤੇ। ਉਪਰੰਤ ਦੋ ਜੰਗਾਂ ਹੋਈਆਂ। ਪਹਿਲੀ 1846 ਵਿਚ ਜਿਸ ਪਿਛੋਂ ਦੁਆਬਾ ਅੰਗਰੇਜ਼ ਦੇ ਪਾਸ ਆ ਗਿਆ ਤੇ ਦੂਜੀ ਜੰਗ 1848 ਤੋਂ ਪਿਛੋਂ ਅੰਗਰੇਜ਼ ਨੇ ਸ੍ਰੀ ਬਾਬਾ ਸਾਹਿਬ ਸਿੰਘ ਜੀ ਦੇ ਹੇਠ ਲਿਖੇ ਸਾਰੇ ਕਿਲ੍ਹੇ ਤੁੜਵਾ ਦਿਤੇ ਜਾਂ ਕਬਜ਼ੇ ਵਿਚ ਕਰ ਲਏ। ਇਕ ਸੌ ਸਤਾਰਾਂ (117) ਪਿੰਡਾਂ ਦੀ ਰਿਆਸਤ ਵੀ ਆਪ ਜੀ ਦੀ ਜ਼ਬਤ ਕਰ ਲਈ। ਤੇ ਸ੍ਰੀ ਬਾਬਾ ਬਿਕ੍ਰਮਾ ਸਿੰਘ ਜੀ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਨਜ਼ਰ ਬੰਦ ਕਰ ਦਿਤਾ।

### ਜੋ ਕਿਲ੍ਹੇ ਤੁੜਵਾਏ ਗਏ :—

(1) ਦਖਨੀ ਕੀ ਸਰਾਏ। (2) ਮਲਸੀਹਾਂ। (3) ਗੁਨਾ ਚੌਰ (4) ਨੂਰ ਪੁਰ ਬੇਦੀ। (5) ਊਨਾ ਸਾਹਿਬ।

ਉਪਰੋਕਤ ਕਿਲਿਆਂ ਵਿਚ ਸ੍ਰੀ ਬਾਬਾ ਸਾਹਿਬ ਸਿੰਘ ਜੀ ਅਪਨੀਆਂ ਰੀਜ਼ਰਵ ਫ਼ੌਜਾਂ ਰਖਿਆ ਕਰਦੇ ਸਨ ਤਾਂ ਜੋ ਸਿਖ ਰਾਜ ਨੂੰ ਜਦੋਂ ਵੀ ਕੋਈ ਅਤਿਅੰਤ ਜ਼ਰੂਰੀ ਲੋੜ ਪਵੇ ਤਾਂ ਤਤਛਿਨ ਇਮਦਾਦ ਕੀਤੀ ਜਾ ਸਕੇ।

ਆਪ ਜੀ ਵਲੋਂ ਮਾਲਵੇ ਅਤੇ ਦੁਆਬੇ ਵਿਖੇ ਹੇਠ ਲਿਖੇ ਦਮਦਮੇ ਅਸਥਾਨ ਭਾਵ ਧਰਮ ਪ੍ਰਚਾਰ ਕੇਂਦਰ ਨੀਯੱਤ ਕੀਤੇ ਹੋਏ ਸਨ ਜਿਥੋਂ ਕਿ ਨਾਮ ਬਾਣੀ ਦਾ ਪ੍ਰਵਾਹ ਚਲਦਾ ਸੀ :—

(1) ਹਮੀਰਉਆਲ (2) ਨੌਰਾ (3) ਖਡੂਰ (4) ਜੰਧਾ (5) ਮਨਸੂਰਾਂ (6) ਨਾਰੰਗਵਾਲ (7) ਰਾਏ ਕੋਟ (8) ਕਿਲਾ ਰਾਇਪੁਰ (9) ਮਲੇਰ ਕੋਟਲਾ (10) ਮਲੌਦ (11) ਮੋਦਪੁਰ (12) ਕੁਹਾੜਾ (13) ਨਾਭਾ (14) ਲੁਧਿਆਨਾ (15) ਕਪੂਰਥਲਾ (16) ਜਲੰਧਰ (17) ਹੁਸ਼ਿਆਰਪੁਰ (18) ਨਕੋਦਰ (19) ਫਲੌਰ (20) ਰੋਪੜ (21) ਪਟਿਆਲਾ (22) ਰਾਜਪੁਰਾ (23) ਜਗਰਾਓਂ ਆਦਿ।

24-1-61 ਦੀ ਅਕਾਲੀ ਪੱਤ੍ਰਕਾ ਵਿਚ ਗਿਆਨੀ ਸੁਖਦੇਵ ਸਿੰਘ "ਦਿਉਲ" ਹਰੀਪੁਰ ਦੀ ਕਲਮ ਤੋਂ ਇਸ ਤਰ੍ਹਾਂ ਲੇਖ ਆਪ ਬਾਰੇ ਲਿਖਿਆ ਗਿਆ ਜੋ ਸੰਖੇਪ ਰੂਪ ਵਿਚ ਸੰਗਤਾਂ ਅਗੇ ਭੇਟਾ ਕਰਦੇ ਹਾਂ :—

"ਬਾਬਾ ਸਾਹਿਬ ਸਿੰਘ ਬੇਦੀ ਦਾ ਜਨਮ ਬਾਬਾ ਅਜੀਤ ਸਿੰਘ ਜੀ ਦੇ ਘਰ ਹੋਇਆ। ਆਪ ਜੀ ਗੁਰੂ ਨਾਨਕ ਦੇਵ ਜੀ ਦੀ ਬੰਸ ਵਿਚੋਂ ਸਨ। ਆਪ ਜੀ ਦੇ ਸਿੱਖ ਇਤਿਹਾਸ ਵਿਚ ਪ੍ਰਸਿਧ ਹੋਣ ਦਾ ਸਭ ਤੋਂ ਵਡਾ ਕਾਰਨ ਇਹ ਸੀ ਕਿ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਅਜਿਹੇ ਮਨਮੋਹਣੀ ਤੇ ਪ੍ਰਭਾਵ ਸ਼ਾਲੀ ਮਿਠੀ ਤੇ ਸੁੰਦਰ ਸ਼ਬਦਾਵਲੀ ਰਾਹੀਂ ਕਰਦੇ ਸਨ ਜਿਸ ਦਾ ਅਸਰ ਸੁਣਨ ਵਾਲਿਆਂ ਤੇ ਸਦੀਵੀ ਹੁੰਦਾ ਤੇ ਉਹ ਬਾਬਾ ਜੀ ਦੇ ਸੇਵਕ ਬਣ ਜਾਂਦੇ। ਬਾਬਾ ਜੀ ਜਦ ਵੀ ਪ੍ਰਚਾਰ ਕਰਨ ਲਈ ਕਿਸੇ ਦੀਵਾਨ ਵਿਚ ਪੁਜਦੇ, ਅਗੋਂ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਦਾ ਮਹਾਨ ਇਕੱਠ ਆਪ ਜੀ ਦੀ ਮਹਿਮਾ ਸੁਣ ਕੇ ਉਥੇ ਪੁਜਦਾ। ਬਾਬਾ ਜੀ ਨੇ ਆਪਣੀ ਜੀਵਨੀ ਵਿਚ ਅਤੇ ਵਿਸ਼ੇਸ਼ ਤੌਰ ਤੇ ਆਪਣੇ ਪਵਿਤਰ ਹੱਥਾਂ ਨਾਲ ਹਜ਼ਾਰਾਂ ਦੀ ਭਾਰੀ ਗਿਣਤੀ ਵਿਚ ਸਿੰਘਾਂ ਨੂੰ ਅੰਮ੍ਰਿਤ ਛਕਾਇਆ। ਉਸ ਸਮੇਂ ਬਾਬਾ ਜੀ ਦੇ ਪਵਿਤਰ ਹੱਥਾਂ ਦਾ ਅੰਮ੍ਰਿਤ ਪਾਨ ਕਰਨ ਲਈ ਸੰਗਤਾਂ ਤਤਪਰ ਰਹਿੰਦੀਆਂ ਸਨ ਤੇ ਸਮਝਦੀਆਂ ਸਨ ਕਿ ਬਾਬਾ ਜੀ ਦੇ ਹੱਥਾਂ ਨਾਲ ਤਿਆਰ ਕੀਤਾ ਹੋਇਆ ਅੰਮ੍ਰਿਤ ਛਕਣਾ ਮਾਨ ਤੇ ਵਡਿਆਈ ਵਾਲੀ ਗਲ ਹੈ। ਬਾਬਾ ਜੀ ਜਿਥੇ ਕਥਾ ਕੀਰਤਨ ਵਿਚ ਨਿਪੁੰਨ ਸਨ, ਉਥੇ ਆਪ ਆਪਣੇ ਸਮੇਂ ਦੇ ਮੰਨੇ ਪ੍ਰਮੰਨੇ ਯੋਧੇ ਤੇ ਤਲਵਾਰ ਦੇ ਵੀ ਧਨੀ ਸਨ। ਜਿਸ ਮੈਦਾਨੇ-ਜੰਗ ਵਿਚ ਆਪ ਨੇ ਪੈਰ ਧਰਿਆ ਉਥੇ ਹੀ ਕਾਮਯਾਬੀ ਨੇ ਆਪ ਦੇ ਪੈਰ ਚੁੰਮੇ।

ਇਹੋ ਹੀ ਕਾਰਨ ਹੈ ਕਿ ਆਪ ਜੀ ਦੇ ਅਨੇਕਾਂ ਸਿਖ ਸੇਵਕ ਆਪ ਜੀ ਦੀ ਪੂਜਾ ਕਰਦੇ ਸਨ।

ਬਾਬਾ ਜੀ ਦੇ ਜੀਵਨ ਨੂੰ ਹੋਰ ਡੂੰਘਾ ਵੇਖੀਏ ਤਾਂ ਸਾਨੂੰ ਇਸ ਗਲ ਦਾ ਧਿਆਨ ਹੁੰਦਾ ਹੈ ਕਿ ਬਾਬਾ ਜੀ ਨੇ ਆਪਣਾ ਸਾਰਾ ਜੀਵਨ ਦੇਸ਼ ਤੇ ਕੌਮ ਦੀ ਅਣਥੱਕ ਸੇਵਾ ਵਿਚ ਅਰਪਣ ਕਰ ਦਿਤਾ। ਯੁਧ ਦੇ ਦਿਨਾਂ ਵਿਚ ਆਪ ਤਲਵਾਰ ਲੈ ਕੇ ਮੈਦਾਨ ਵਿਚ ਗਜਦੇ ਤੇ ਸ਼ਾਂਤੀ ਦੇ ਦਿਨਾਂ ਵਿਚ ਆਪ ਪਰਚਾਰ, ਕਥਾ, ਕੀਰਤਨ ਰਾਹੀਂ ਕੌਮ ਦੀ ਬਹੁਮੁਲੀ ਸੇਵਾ ਕਰਦੇ ਹੋਏ ਸੰਨ 1839 ਵਿਚ ਚਲਾਣਾ ਕਰ ਗਏ। ਆਪ ਜੀ ਦਾ ਨਾਮ ਸਿਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਉਤੇ ਸੂਰਜ ਵਾਂਗ ਚਮਕਦਾ ਰਹੇਗਾ ਤੇ ਮਨੁਖਤਾ ਆਪ ਜੀ ਦੇ ਜੀਵਨ ਤੋਂ ਸਿਖਿਆ ਪਰਾਪਤ ਕਰਦੀ ਰਹੇਗੀ।"

ਆਪ ਨੇ ਹਰ ਤਰ੍ਹਾਂ ਸਿਖ ਪੰਥ ਦੀ ਅਗਵਾਈ ਕੀਤੀ। ਆਪ ਨੂੰ ਮਹਾਰਾਜੇ, ਸਾਧੂ, ਸੰਤ, ਮਹੰਤ, ਸੂਬੇਂਤ ਸੰਗਤਾਂ ਗੁਰੂ ਕਰ ਕੇ ਮੰਨਦੀਆਂ ਸਨ ਤੇ ਸਤਿਕਾਰ ਪੂਰਬਕ ਮਿਲਦੀਆਂ ਸਨ। ਮਹਾਰਾਜਾ ਰਣਜੀਤ ਸਿੰਘ ਪਤਰਾਂ ਵਿਚ ਆਪ ਨੂੰ "ਬਾਬਾ ਸਾਹਿਬ (ਤਰਨ ਤਾਰਨ) ਦੋ ਜਹਾਨ, ਬਾਬਾ ਸਾਹਿਬ ਸਿੰਘ ਜੀ ਬੇਦੀ ਕਰਕੇ ਲਿਖਿਆ ਕਰਦਾ ਸੀ।

ਗੁਰੂ ਨਾਨਕ ਪਾਤਸ਼ਾਹ ਦੀ ਸੰਤਾਨ ਹੋਣ ਦੀ ਹੈਸੀਅਤ ਵਿਚ ਆਪ ਨੇ ਸਤਿਕਾਰ ਪਾਇਆ। ਦੇਖੋ ਪੁਸਤਕ "ਰਣਜੀਤ ਸਿੰਘ ਮਹਾਰਾਜਾ ਪੰਜਾਬ 1780—1839" ਲਿਖੀ ਸਰਦਾਰ ਖ਼ੁਸ਼ਵੰਤ ਸਿੰਘ ਜੀ ਦਿਲੀ। ਜਿਸ ਵਿਚ ਆਪ ਨੂੰ ਸਿਖ ਕੌਮ ਦਾ ਬਾਪੂ ਕਰ ਕੇ ਲਿਖਿਆ ਹੈ।

"ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨਾ ਜਾਣੈ ਮੇਰਾ॥"

ਪਰ ਆਪ ਜੀ ਨੇ ਅਪਨੇ ਆਪ ਨੂੰ ਗੁਰੂ ਨਹੀਂ ਕਹਲਵਾਇਆ ਜਾਂ ਆਪਣੀ ਅਬਾਦਤ ਨਹੀਂ ਕਰਵਾਈ, ਉਪਦੇਸ਼ ਇਕ ਅਕਾਲ ਪੁਰਖ ਦੀ ਅਬਾਦਤ ਦਾ ਦਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਲਾਡਲੀਆਂ ਫੌਜਾਂ ਨੂੰ ਸਜਾਇਆ ਅਤੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਸਿਖ ਕਾਇਮ ਕੀਤੇ। ਆਪ ਨੇ ਤਾਂ ਪੂਰਨ ਰੂਪ ਵਿਚ "ਗੁਰਸਿਖ" ਵਾਲੀ ਪਦਵੀ ਹਾਸਲ ਕੀਤੀ। ਉਹਨਾਂ ਦਾ ਉਦੇਸ਼ ਸੀ :—

"ਜਨ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ, ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥"

ਜੋ ਦੂਜੀ ਸ਼ਾਖ਼ ਬਾਬਾ ਬਿਸ਼ਨ ਸਿੰਘ ਵਾਲੀ ਸੀ, ਉਸ ਵਿਚੋਂ ਬਾਬਾ ਖੇਮ ਸਿੰਘ ਜੀ ਬੜੇ ਪ੍ਰਤਾਪ ਵਾਲੇ ਸਨ। ਆਪ ਜੀ 25 ਪਾਠ ਸ੍ਰੀ ਜਪੁਜੀ ਸਾਹਿਬ ਦੇ ਕਰਕੇ ਤਾਂ ਜਲ ਪਾਨ ਕਰਦੇ ਸਨ।

ਪਰ ਅਫ਼ਸੋਸ ਕਿ ਅਜ ਸਿਖ ਕੌਮ ਦੀ ਕੋਈ ਯੋਗ ਅਗਵਾਈ ਨਹੀਂ ਰਹੀ। ਸਾਰੀ ਅਗਵਾਈ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਪਾਸ, ਜਾਂ ਹੋਰ ਸੰਤਾਂ ਸਾਧੂਆਂ ਪਾਸ ਚਲੀ ਗਈ। ਸਭ ਆਪੋ ਆਪਨੀ ਸੰਪ੍ਰਦਾਇ ਜਾਂ ਪਾਰਟੀ ਬਾਜ਼ੀ ਦੇ ਪ੍ਰਚਾਰ ਵਿਚ ਜੁਟੇ ਹੋਏ ਹਨ। ਤੇ ਸੰਗਤਾਂ ਨੂੰ ਅਪਨੇ ਨਾਲ ਜੋੜ ਅਪਨੇ ਜਿਹਾ ਪਖ-ਪਾਤੀ ਬਨਾ ਰਹੇ ਹਨ। ਅਜੇਹੀਆਂ ਸੰਪ੍ਰਦਾਵਾਂ ਬਹੁਤ ਘਟ ਨਜ਼ਰ ਆਉਂਦੀਆਂ ਹਨ ਜੋ ਗੁਰੂ ਨਾਨਕ ਪਾਤਸ਼ਾਹ ਵਾਲੇ ਮੱਤ ਦਾ ਪ੍ਰਚਾਰ ਕਰਦੇ ਹੋਨ। ਆਪੋ ਅਪਨੀ ਧੜੇ ਬੰਦੀ ਵਿਚ ਪੈ ਗਏ ਹਨ ਤੇ ਹਰੀ ਦਾ ਧੜਾ ਕੋਈ ਨਹੀਂ ਬਨਾ ਰਿਹਾ।

"ਕਿਸ ਹੀ ਧੜਾ ਕੀਆ, ਮਿਤ੍ਰ ਸੁਤ ਨਾਲਿ ਭਾਈ॥<br>
ਕਿਸ ਹੀ ਧੜਾ ਕੀਆ, ਕੁੜਮ ਸਕੇ ਨਾਲਿ ਜਵਾਈ॥<br>
ਕਿਸ ਹੀ ਧੜਾ ਕੀਆ ਸਿਕਦਾਰ, ਚਉਧਰੀ ਨਾਲਿ ਆਪਨੇ ਸੁਵਾਈ॥"

ਧੜਿਆਂ ਕਾਰਨ ਹੀ ਸਿਖ ਰਾਜ ਹਥੋਂ ਨਿਕਲ ਗਿਆ ਸੀ। ਪਰ ਅਜ ਦੇ ਸਿਖ ਆਗੂਆਂ ਨੇ ਫਿਰ ਵੀ ਕੋਈ ਸਿਖਿਆ ਪ੍ਰਾਪਤ ਨਾ ਕੀਤੀ ਤੇ ਮੁੜ ਉਸੇ ਹੀ ਖ਼ਤਰਨਾਕ ਰਾਹ ਉਪਰ ਦਿਨ ਰਾਤ ਚਲਦੇ ਜਾ ਰਹੇ ਹਨ। ਭਲਾ ਇਹ ਸਵਾਰਥ ਸਿਧੀ ਵਾਲੇ ਦੁਨੀਆਂ ਦੇ ਧੜੇ ਕਦ ਤਕ ਸਫ਼ਲ ਹੁੰਦੇ ਰਹਿਨਗੇ? ਇਸ ਪਾਟੋ ਧਾੜ ਵਾਲੇ ਮਾਰਗ ਤੇ ਚਲਿਆਂ ਅਜੇ ਹੋਰ ਖਜਲ-ਖਵਾਰੀ ਵੇਖਨੀ ਪਏਗੀ। ਜਦ ਤਕ ਸਿਖ ਲੀਡਰਾਂ ਨੂੰ "ਹਮਰਾ ਧੜਾ ਹਰਿ ਰਹਿਆ ਸਮਾਈ" ਦਾ ਦ੍ਰਿੜ੍ਹ ਗਿਆਨ ਨਹੀਂ ਹੋਵੇਗਾ ਉਹ ਦੁਨੀਆਂ ਦੀਆਂ ਨਜ਼ਰਾਂ ਵਿਚ ਸਤਿਕਾਰ ਪ੍ਰਾਪਤ ਨਹੀਂ ਕਰ ਸਕਨਗੇ, ਕਿਉਂਕਿ :—

"ਜਿਨ੍ਹ ਸਿਉ ਧੜੇ ਕਰਹਿ ਸੇ ਜਾਹਿ॥ ਝੂਠੁ ਧੜੇ ਕਰਿ ਪਛੋਤਾਹਿ॥...<br>
ਏਹ ਸਭਿ ਧੜੇ ਮਾਇਆ ਮੋਹ ਪਸਾਰੀ॥ ਮਾਇਆ ਕਉ ਲੂਝਹਿ ਗਾਵਾਰੀ॥"

ਸੋ ਜਦੋਂ ਤਕ ਸਾਰੀ ਦੀ ਸਾਰੀ ਸਿਖ ਕੌਮ ਨੂੰ ਇਕੋ ਹਰੀ ਦੇ ਧੜੇ ਵਿਚ ਰੰਗਿਆ ਨਹੀਂ ਜਾਵੇਗਾ ਉਦੋਂ ਤਕ ਥਿਰ ਰਹਿਨ ਵਾਲੀ ਸਫਲਤਾ ਕਦਾ-ਚਿਤ ਪ੍ਰਾਪਤ ਨਹੀਂ ਹੋ ਸਕੇਗੀ।

ਇਕ ਅਕਾਲ ਪੁਰਖ ਦੇ ਧੜੇ ਦੀ ਆਵਾਜ਼ ਨੂੰ ਬਾਬਾ ਬਿਕ੍ਰਮਾ ਸਿੰਘ ਜੀ ਪਿਛੋਂ ਬਾਬਾ ਸੁਜਾਨ ਸਿੰਘ ਜੀ ਨੇ ਸੰਭਾਲਿਆ ਸੀ। ਉਪਰੰਤ ਟਿਕਾ ਰਾਮ ਕਿਸ਼ਨ ਸਿੰਘ ਜੀ ਨੇ ਸੰਭਾਲਿਆ ਤੇ ਫਿਰ ਬਾਬਾ ਦੇਵਿੰਦਰ ਸਿੰਘ ਜੀ ਨੇ ਸੰਭਾਲ ਕੀਤੀ। ਹੁਨ ਛੇ ਸਾਲ ਹੋ ਗਏ ਹਨ ਧੰਨ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਇਸ ਅਪਨੇ ਕੀਟ ਸੇਵਕ ਮਧੁਸੂਦਨ

ਸਿੰਘ ਨੂੰ ਅਪਨਾ ਦਾਸ ਸਮਝਦੇ ਹੋਇਆਂ ਇਕ ਹਰੀ ਦੇ ਧੜੇ ਦੇ ਪ੍ਰਚਾਰ ਵਾਲੀ ਸੇਵਾ ਬਖ਼ਸ਼ੀ ਹੋਈ ਹੈ। ਸੋ ਗੁਰਦੇਵ ਪਿਤਾ ਜੀ ਦੇ ਹੁਕਮ ਅਨੁਸਾਰ ਇਸ ਹਰੀ ਦੇ ਧੜੇ ਦੀ ਆਵਾਜ਼ ਥਾਂ ਥਾਂ ਬੁਲੰਦ ਕੀਤੀ ਜਾ ਰਹੀ ਹੈ। ਜਗ੍ਹਾ ਜਗ੍ਹਾ ਜਾ ਕੇ ਕੇਵਲ ਇਕ ਨਿਰੰਕਾਰ "੧ਓ" ਦੇ ਧੜੇ ਦੀ ਆਵਾਜ਼ ਲਗਾਈ ਜਾ ਰਹੀ ਹੈ। ਤੇ ਇਸ ਹਰੀ ਦੇ ਧੜੇ ਦੀ ਸਫਲਤਾ ਲਈ ਮਨਸੂਰਾਂ, ਦਖਨੀ ਕੀ ਸਰਾਇ, ਗੁਨਾ ਚੌਰ, ਮਲਸੀਏ ਤੇ ਉਨਾ ਸਾਹਿਬ ਵਿਖੇ ਗੁਰਮਤਿ ਦੇ ਪ੍ਰਚਾਰ ਸ਼ੈਂਟਰ ਕਾਇਮ ਕੀਤੇ ਜਾ ਚੁਕੇ ਹਨ। ਇਨ੍ਹਾਂ ਪ੍ਰਚਾਰ ਸੈਂਟਰਾਂ ਉਪਰ ਅਮਾਵਸ, ਦਸਵੀਂ, ਸੰਗਰਾਂਦ ਤੇ ਪੂਰਨਮਾਸ਼ੀ ਦੇ ਮਾਂਹਵਾਰੀ ਦੀਵਾਨ ਸਜਾਏ ਜਾਂਦੇ ਹਨ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਦਰਸ਼ਨ ਦੇਂਦੀਆਂ ਹਨ। ਨਾਮ ਬਾਣੀ ਦਾ ਪ੍ਰਵਾਹ ਚਲਦਾ ਹੈ ਤੇ ਗੁਰੂ ਕੇ ਲੰਗਰ ਅਤੁੱਟ ਵਰਤਦੇ ਹਨ। ਇਸ ਤੋਂ ਛੁਟ ਹਜ਼ਾਰਾਂ ਰੁਪਏ ਖ਼ਰਚ ਕਰਕੇ ਇਹਨਾਂ ਗੁਰਮਤਿ ਪ੍ਰਚਾਰ ਸੈਂਟਰਾਂ ਉਤੇ ਬਿਲਡਿੰਗਾਂ ਤੇ ਸ੍ਰੀ ਬਾਬਾ ਸਾਹਿਬ ਸਿੰਘ ਜੀ ਦੇ ਆਸ਼ਰਮ ਤਿਆਰ ਕਰਵਾਏ ਜਾ ਰਹੇ ਹਨ। ਇਹਨਾਂ ਪਵਿਤ੍ਰ ਅਸਥਾਨਾਂ ਉਪਰ ਜਿਹੜੇ ਸੱਜਣ ਹਾਜ਼ਰੀਆਂ ਭਰਦੇ ਹਨ, ਉਹਨਾਂ ਦੇ ਦੁਖ, ਰੋਗ ਤੇ ਸੰਤਾਪ ਸ੍ਰੀ ਬਾਬਾ ਸਾਹਿਬ ਸਿੰਘ ਜੀ ਦੇ ਨਾਮ ਬਾਣੀ ਦੇ ਪ੍ਰਤਾਪ ਸਦਕਾ ਸਭ ਦੂਰ ਹੋ ਜਾਂਦੇ ਹਨ। ਸੁਖਾਂ ਦੀ ਪ੍ਰਾਪਤੀ ਹੁੰਦੀ ਹੈ ਤੇ ਵਿਖੇਪਤਾ ਵਿਚੋਂ ਨਿਕਲ ਕੇ ਇਕ ਅਕਾਲ ਪੁਰਖ ਦੇ ਧੜੇ ਦੇ ਧਾਰਨੀ ਬਨਦੇ ਹਨ। ਨਿਰੋਲ ਗੁਰਮਤਿ ਦਾ ਪ੍ਰਚਾਰ ਹੁੰਦਾ ਹੈ।

ਇਹ ਦਾਸ ਤਾਂ 'ਗੁਰੂ ਨਾਨਕ ਘਰ" ਦਾ ਸੇਵਕ ਹੈ, ਧੰਨ ਗੁਰੂ ਨਾਨਕ ਪਾਤਸ਼ਾਹ ਤੋਂ ਦਸਵੀਂ ਜੋਤਿ ਤਕ ਅਤੇ ਗਿਆਰਵੀਂ ਜੋਤਿ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੇਵਕ ਹੈ। ਤੇ ਕਰਤਵ ਹੈ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਨਾ ਤੇ ਗੁਰੂ ਘਰ ਦੀ ਉਹ ਸਰੀਰਕ ਸੇਵਾ ਕਰਨੀ ਤੇ ਕਰਾਉਨੀ, ਜਿਸ ਨਾਲ ਮਨ ਨੀਵਾਂ ਹੋ ਸਕੇ ਤੇ ਧੰਨ ਗੁਰੂ ਨਾਨਕ ਪਾਤਸ਼ਾਹ ਦੇ ਬਖ਼ਸ਼ੇ ਹੋਏ ਸਿਮਰਨ ਅਭਿਆਸ ਨਾਲ ਜੁੜਨਾ ਤੇ ਜੋੜਨਾ ਤੇ ਧੰਨ ਗੁਰੂ ਨਾਨਕ ਪਾਤਸ਼ਾਹ ਦਾ ਹਰੀ ਦਾ ਧੜਾ ਗੁਰਬਾਣੀ ਦਵਾਰਾ ਸਿਧ ਕੀਤਾ ਹੋਇਆ ਕਾਇਮ ਕਰਨਾ ਤੇ ਸੰਗਤਾਂ ਨੂੰ ਇਸ ਪਾਸੇ ਪ੍ਰੇਰਨਾ ਤਾਂ ਜੋ ਸਿਖ ਕੌਮ ਦਾ ਇਕੋ ਹੀ ਰਸਤਾ ਹੋ ਜਾਵੇ। ਤੇ ਗੁਰੂ ਨਾਨਕ ਪਾਤਸ਼ਾਹ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਤੋਂ ਵਿਰੁਧ ਪ੍ਰਚਾਰ ਕਰਨ ਵਾਲਿਆਂ ਤੋਂ ਸੰਗਤਾਂ ਮੂੰਹ ਮੋੜ ਸਰਬੱਤ ਦਾ ਭਲਾ ਚਾਹੁੰਨ ਵਾਲੇ ਧੰਨ ਗੁਰੂ ਨਾਨਕ ਪਾਤਸ਼ਾਹ ਨਾਲ ਜੁੜਨ। ਤੇ ਇੰਜ ਸੰਗਤਾਂ ਸਤਿ, ਸੰਤੋਖ ਤੇ ਏਕਤਾ ਵਾਲੀ ਸਤਿਆ ਦੀਆਂ ਮਾਲਕ ਬਨਣ, ਤਾਂ ਜੋ ਪੰਥ ਦੀ ਦਸ਼ਾ ਸਦੈਵੀ ਚੜ੍ਹਦੀਆਂ ਕਲਾਂ ਨੂੰ ਪ੍ਰਾਪਤ ਕਰਕੇ ਜਿਥੇ ਕਿਥੇ ਫ਼ਤਹਿ ਹੀ ਫ਼ਤਹਿ ਹੋਵੇ।

ਦਾਸ ਦੀ ਤੀਬਰ ਇੱਛਾ ਹੈ ਕਿ ਸਿਖ ਕੌਮ ਨੂੰ ਚੜ੍ਹਦੀਆਂ ਕਲਾਂ ਵਿਚ ਵੇਖੇ ਤੇ ਜਿਹੜੇ ਹਾਲਾਤ ਅਜ ਬਨੇ ਹੋਏ ਹਨ, ਉਹ ਛੇਤੀ ਤੋਂ ਛੇਤੀ ਦੂਰ ਹੋ ਜਾਨ। ਪਰ ਇਹ ਤਾਂ ਹੀ ਹੋਵੇਗਾ ਜਦੋਂ ਧੰਨ ਗੁਰੂ ਨਾਨਕ ਪਾਤਸ਼ਾਹ ਹੀ ਸਾਡੇ ਹਿਰਦਿਆਂ ਅੰਦਰ ਆ ਵਸਣਗੇ ਤੇ ਨਾਨਕ ਸ਼ਾਹੀ ਰਾਜ ਹੋਵੇਗਾ।

"ਸਤਿਨਾਮ ਸ੍ਰੀ ਵਾਹਿਗੁਰੂ"

❖

# ਜੀਵਨ-ਸਾਜ਼

ਸ. ਬਲਵੰਤ ਸਿੰਘ 'ਨੂਰ'

ਜੀਵਨ-ਸਾਜ਼ ਮੇਰਾ ਸੀ ਰੁਖਾ, ਤੁਸਾਂ ਮੇਹਰ ਕੀਤਾ ਉਸ ਹਰਿਆ।
ਰਿਦ-ਤੰਤੀ ਜਦ ਛੋਹ-ਛੁਹਾਈ ਅਸਾਂ ਖਿਚ, ਕੰਪਨ, ਰਸ ਜਰਿਆ।
ਰਾਗ ਇਲਾਹੀ ਆਪੂੰ ਛਿੜ ਪਏ, ਹਉਂ ਰਾਗ ਜਦ ਮੁਕਾ,
ਛੋਹ ਦਿਤਾ, ਸਾਨੂੰ ਲਰਜ਼ਸ਼ ਖੇੜਾ, ਸਾਈਂ, ਸਾਜ ਅਗੰਮੀ ਰਸ ਭਰਿਆ।

# ਸ੍ਰੀ ਬੀਰ ਮ੍ਰਿਗੇਸ਼ ਗੁਰਬਿਲਾਸ ਦੇਵਤਰੂ

(ਸ੍ਰੀ ਬੀਰ ਮ੍ਰਿਗੇਸ਼ ਗੁਰਬਿਲਾਸ—ਕਰਤਾ ਭਾ. ਵੀਰ ਸਿੰਘ ਵਿਚੋਂ)

## ਅਥ ਕਥਾ ਪ੍ਰਸੰਗਾ

੧ ਸਕੰਧ ਪੂਰਬਾਰਧ

੧੧ ਅਧਯਾਯ

ੴ ਤਤਸਤ

ਚੌ:— ਜਦ ਚੇਤਨ ਹੈ ਜਾਹਿ ਅਧੀਨਾ । ਨਹੀਂ ਸਮਸਰ ਨਰਕੋ ਤਹ ਚੀਨਾ ॥
ਰਾਜਨ ਕੇ ਰਾਜਾ ਪ੍ਰਭੁ ਸ੍ਵਾਮੀ । ਯੋਗੀ ਰਾਜ ਭਗਤ ਰਿਦ ਗਾਮੀ ।।੧॥
ਦੋ:—ਭੋਗੀ ਅੰਗ ਅਸੰਗ ਜੋ ਤਿਹ ਬੰਦੋ ਗੁਰੂ ਰੂਪ ॥
ਬਚਨ ਕੁਸਮ ਕਰ ਅਰਚਪਦ ਮਨਹਿ ਚਰਾਵੋਂ ਧੂਪ ।।੨॥
ਚੌ:—ਧਰਮਪਾਲ ਧਰਮਗਯ ਧੁਰੰਧਰ । ਨਿਤ ਪ੍ਰਤਿ ਪਾਰਹੁ ਸੰਤ ਨਿਰੰਤਰ ॥
ਰੋਗ ਸੋਗ ਦੋਖਨ ਕੋ ਹਰਤਾ । ਸਭ ਕੋ ਕਾਲ ਸਭਨ ਕੋ ਕਰਤਾ ।।੩॥
ਛਿਨ ਮੈ ਥਾਪ ਉਥਾਪਨ ਹਾਰੇ । ਕੋਟਿ ਵਿਘਨ ਕੇ ਨਾਸਨ ਹਾਰੇ ॥
ਸੰਤ ਉਬਾਰ ਅਸੁਰਣ ਘਾਵਾ । ਅਪਨ ਬਿਰਦ ਕੀ ਲਾਜ ਰਖਾਵਾ ॥੪॥
ਦੋ:—ਅਨ ਰਾਜਨ ਕੀ ਹਾਨਿ ਕਰ ਰਾਜ ਦੀਨ ਰਣਜੀਤ ॥
ਕ੍ਰਿਪਾ ਦਰਿਸ਼ਟੀ ਅਵਲੋਕ ਤਨ ਸ੍ਰੀ ਗੁਰੂ ਕੀਨ ਅਭੀਤ ।।੫॥
ਉਚ ਸੰਗ ਤੇ ਉਚਪਦ ਜਾਨਤ ਹੈ ਸਭ ਕੋਇ ॥
ਨੀਚ ਕੀਟ ਜਿਮ ਕੁਸਮ ਸੰਗ ਰਾਜ ਦੇਵ ਸਿਰ ਸੋਹਿ ।।੬॥

ਅਥ ਕਥਾ ਪ੍ਰਸੰਗ—ਏਕ ਸਮੇਂ ਸ੍ਰੀ ਗੁਰੂ ਦ੍ਵਾਦਸ਼ ਮੇਸ ਜੀ ਨਨਕਾਣੇ ਸਾਹਿਬ ਕੀ ਯਾਤ੍ਰਾ ਕਰਨੇ ਜਾਤੇ ਭਏ । ੧੮੪੭ ਅਠਾਰਾਂ ਸੇ ਸੰਤਾਲੀਸ ਮੈ ਜਬ ਦਰਸ਼ਨ ਕਰ ਕੇ ਪੀਛੇ ਹਟੇ ਤਬ ਇਤਨੇ ਮੈ ਰਾਜਾ ਰਣਜੀਤ ਸਿੰਘ ਕਾ ਪਿਤਾ ਮਹਾਂ ਸਿੰਘ ਕਾਲਵਸ ਹੋ ਜਾਤੇ ਭਏ । ਸ੍ਰੀ ਗੁਰੂ ਸਾਹਿਬ ਸਿੰਘ ਜੀ ਮਹਾਂ ਸਿੰਘ ਕੀ ਮੁਕਾਣ ਦੇਨੇ ਵਾਸਤੇ ਇਸੀ ਮਾਰਗ ਹੋ ਕੇ ਆਵਤੇ ਭਏ । ਬਡੀਆਂ ਭੀੜਾਂ ਸੰਗਤਾਂ ਕੀਆਂ ਸ੍ਰੀ ਗੁਰੂ ਜੀ ਕੇ ਸਾਥ ਹੋਤੀਆਂ ਭਈਆਂ । ਜਹਾਂ ਡੇਰਾ ਜਾਇਕੇ ਉਤਰੇ ਤਹਾਂ ਦਰਸਨ ਕਰਨੇਹਾਰੇ ਲੋਕੋਂ ਕੇ ਚਾਰੋਂ ਔਰ ਤੇ ਪ੍ਰਵਾਹ ਚਲੇ ਆਵਤੇ ਭਏ । ਆਪੋ ਆਪਨੀ ਸਾਮਰਥ ਕੇ ਅਨੁਸਾਰ ਭੇਟਾ ਲੈ ਲੈ ਕੇ ਸੰਗਤਾਂ ਚਲੀਆਂ ਆਵਤੀਆਂ ਹੈ । ਕੋਈ ਕੋਈ ਸੁਖਣਾ ਕਾ ਪਦਾਰਥ ਲੀਏ ਆਵਤੇ ਹੈਂ ਕੋਈ ਦਰਸ਼ਨ ਹੀ ਕਰਨੇ ਕੋ ਆਵਤੇ ਹੈਂ । ਕਿਆ ਧਨੀ ਔ ਕਿਆ ਨਿਰਧਨ ਤਿਸ ਸਚੇ ਦਰਬਾਰ ਮੈ ਸਭ ਸਮ ਭਾਵ ਹੈਂ । ਦੂਰ ਸੇ ਹੀ ਸੰਗਤਾਂ ਸਬਦ ਗੁਰੂ ਜੀ ਕੇ ਗਾਵਤੀਆਂ ਚਲੀਆਂ ਆਵਤੀਆਂ ਹੈ । ਬਾਲ ਬ੍ਰਿਧ ਮਾਈ ਬਾਬੂ ਸ੍ਰੀ ਗੁਰੂ ਜੀ ਕੇ ਦਰਸਨ ਕਰਤੇ ਹੈਂ। ਮਹਾਰਾਜ ਜੀ ਕੇ ਆਗੇ ਭੇਟਾ ਰਖ ਰਖ ਕੇ ਦੂਰ ਸੇ ਹੀ ਨਮਸਕਾਰਾਂ ਕਰ ਕਰ ਕੇ ਪੀਛੇ ਹਟਤੇ ਜਾਤੇ ਹੈਂ । ਮਹਾਰਾਜ ਜੀ ਕੇ ਲੰਗਰ ਕੇ ਪ੍ਰਸਾਦ ਕਾ ਟੁਕੜਾ ਬਡੀ ਸ੍ਰਧਾ ਕਰ ਕੇ ਮਾਂਗ ਮਾਂਗ ਕੇ ਲੈ ਕੇ ਖਾਤੇ ਹੈਂ । ਦਰਸ਼ਨ ਕਰ ਕੇ ਨਿਹਾਲ ਹੋਤੇ ਹੈਂ । ਆਪ ਕੋ ਕ੍ਰਿਤ ਕ੍ਰਿਤ ਮਾਨਤੇ ਹੈਂ । ਸ੍ਰੀ ਗੁਰੂ ਜੀ ਕੇ ਆਗੇ ਪੈਸੇ ਰੁਪਏ ਮੋਹਰ ਮੋਤੀ ਮੂੰਗਾ ਅਛੇ ਅਛੇ ਬਸਤਰ ਦੁਸ਼ਾਲੇ ਦੂਧ ਦਧਿ ਸੂਤ੍ਰ ਅੰਨ ਆਦਿਕੋਂ ਕੇ ਬਡੇ ਬਡੇ ਢੇਰ ਲਾਗ ਜਾਤੇਂ ਹੈਂ ਨਿਤ ਦਿਨ ਹੀ।

ਕੁਛ ਇਕ ਦਿਨ ਕੀ ਨਵਾਨ ਬਾਤ ਨਹੀਂ ਹੈ। ਔ ਸ੍ਰੀ ਗੁਰੂ ਸਾਹਿਬ ਸਿੰਘ ਜੀ ਕਾ ਅਪਨੇ ਦਲ ਕੇ ਲੋਕੋਂ ਪ੍ਰਤੀ ਐਸਾ ਕਰੜਾ ਹੁਕਮ ਥਾ ਕਿ ਮਜਾਲ ਕਯਾ ਗਈ ਹੈ ਜੋ ਕਿਸੀ ਕੀ ਬਹੂ ਬੇਟੀ ਕੀ ਓਰ ਖੋਟੀ ਦ੍ਰਿਸ਼ਟੀ ਭੀ ਕੋਈ ਵੇਖ ਜਾਵੇ ਅਥਵਾ ਕਿਸੀ ਕੀ ਇਸਤ੍ਰੀ ਸੇ ਠੱਠਾ ਮਸਕਰੀ ਹਾਸੀ ਭੀ ਕਰ ਜਾਵੇ। ਜੋ ਕੋਈ ਕੁਛ ਕੁਕਰਮ ਕਰੇ ਭੀ ਤਬ ਮੋਢੇ ਪਾਸ ਸੇ ਭੁਜਾ ਔ ਮੋਟੇ ਪਟ ਸੇ ਲੱਤ ਤਿਸਕੀ ਕਟਾਇ ਦੇਤੇ ਥੇ। ਸੋ ਗੁਰੂ ਜੀ ਸੇ ਡਰਤੇ ਹੂਏ ਮਾਤਾ ਜੀ, ਭੈਣ ਜੀ ਕਰਕੇ ਬਿਗਾਨੀ ਬਹੂ ਬੇਟੀ ਕੋ ਮਹਾਰਾਜ ਜੀ ਕੇ ਸਿਖ ਬੁਲਾਤੇ ਥੇ।

ਜੈਸੇ ਜੇਸ਼ਟ ਅਖਾੜ ਕੇ ਮਾਸ਼ ਕੋ ਮਧਯਾਨ ਕੋ ਸੂਰਯ ਤਪਤੇ ਹੈ ਤੈਸੇ ਤੇਜ ਸ੍ਰੀ ਜੀ ਕੋ ਹੋਤੇ ਭਯੇ। ਰਾਜਾ ਰਣਜੀਤ ਸਿੰਘ ਕੇ ਪਿਤਾ ਕੀ ਮੁਕਾਣ ਦੇਣੇ ਲੀਏ ਜਬ ਊਧੋ ਵਾਲੀ ਨਗਰ ਮੇ ਮਹਾਰਾਜ ਜੀ ਆਏ ਤਬ ਬੜੇ ਸਤਕਾਰ ਸੇ ਰਾਜਾ ਰਣਜੀਤ ਸਿੰਘ ਕੀ ਮਾਈ ਤੇ ਰਣਜੀਤ ਸਿੰਘ ਸ੍ਰੀ ਜੀ ਕੋ ਲੇਨੇ ਵਾਸਤੇ ਆਇ ਕੈ ਬੜੀ ਧੂਮ ਧਾਮ ਸੇ ਅਪਨੇ ਨਗਰ ਕੇ ਸਮੀਪ ਡੇਰਾ ਦੇਤੇ ਭਏ। ਤੰਬ ਕਨਾਤਾਂ ਘੋਪੇ ਲਾਗ ਜਾਤੇ ਭਏ। ਮੁਕਾਣ ਦੇ ਕੇ ਸ੍ਰੀ ਗੁਰੂ ਜੀ ਅਪਨੇ ਡੇਰੇ ਮੈ ਆਇ ਬਿਰਾਜਤੇ ਭਏ। ਔਰ ਭੀ ਕਨ੍ਹਈਏ, ਭੰਗੀ ਸਰਦਾਰ ਸਿੰਘਪੁਰਯੇ, ਰਾਮ ਗੜੀਏ, ਬੁਢੇ ਦਲ ਆਦਿਕ ਸਾਰੇ ਸਰਦਾਰ ਭੀ ਮਹਾਂ ਸਿੰਘ ਕੀ ਮੁਕਾਣ ਦੇਨੇ ਵਾਸਤੇ ਊਧੋ ਵਾਲੀ ਆਵਤੇ ਭਏ। ਰਣਜੀਤ ਸਿੰਘ ਕੀ ਮਾਈ ਨੇ ਸਭ ਸਰਦਾਰੋਂ ਕਾ ਯਥਾ ਯੋਗ ਸਤਕਾਰ ਕੀਆ। ਡੇਰਾ ਦੀਆ, ਰਸਤ ਸਭ ਕੇ ਡੇਰੇ ਪਹੁਚਾਈ। ਅਗਲੇ ਦਿਨ ਜਬ ਮੁਕਾਨ ਦੇ ਚੁਕੇ ਤਬ ਸਭ ਸਰਦਾਰੋਂ ਨੇ ਸਲਾਹ ਮਿਲਕੇ ਕਰੀ ਜੋ ਇਹੁ ਕਾਣਾ ਦੇਉ ਬਡੋ ਪ੍ਰਬਲ ਤੇਜਸ੍ਵੀ ਮਾਲੂਮ ਹੋਤੇ ਹੈ। ਔ ਯੇਹ ਹਮ ਸਭ ਕੋ ਦੁਖ ਦੇਵੇਂਗੇ। ਸਭ ਕੇ ਰਾਜ ਸਾਜ ਛੀਨ ਲੇਵੈਗੇ। ਯਾਂਤੇ ਅਬ ਹੀ ਇਸ ਕੋ ਭੀ ਮੁਕਾਇ ਕੇ ਇਸ ਕੀ ਮੁਕਾਣ ਭੀ ਦੇ ਚਲੋ। ਕਾਹੇ ਤੇ ਜਮਤੇ ਹੂਏ ਵਿਖ ਕੇ ਬੂਟੇ ਕੀ ਜੜ ਉਖਾੜ ਡਾਰੀਏ। ਤਬ ਤੋਂ ਸੁਖੇਨ ਹੀ ਉਖੜ ਜਾਤੇ ਹੈ ਔਰ ਜਬ ਬਹੁਤ ਬਢ ਜਾਤੇ ਹੈ ਤਬ ਉਖਾੜਨੇ ਕਠਿਨ ਹੋ ਜਾਤੇ ਹੈ। ਜਬ ਕੋਈ ਉਸ ਕੋ ਫਲ ਭਖਣ ਅਨਜਾਨਪਣੇ ਸੇ ਕਰ ਲੇਤੇ ਹੈ ਤਬ ਮਰ ਜਾਤੇ ਹੈ—ਤੈਸੇ ਯੇਹ ਕਾਣੇ ਦੇਵ ਭੀ ਜਬ ਪਾਂਵ ਦ੍ਰਿਢ ਬਾਂਧ ਜਾਇਗੋ ਅਰਥਾਤ ਸੈਨਾ ਧਨ ਕਰਕੇ ਪੂਰਣ ਹੋ ਜਾਇਗੋ ਤਬ ਮਾਰਨੇ ਕਠਿਨ ਹੋ ਜਾਇਗੇ। ਤਥਾਚ ਸ਼ਾਸਤ੍ਰੇ ਉਤਿਸ਼ਟ ਮੀਤਸਤ੍ਰਪਰੋਨੋ ਪੇਖਯਾ ਪਥ ਮਿਛਤਾ। ਸਮੈ ਹਿ ਸਿਸਟੈ ਰਾਮ ਨਾ ਤੋ ਵਰਤਯੰਤ : ਆਮਯ : ਸਚ ॥੧॥

ਟੀ: ਸੁਖ ਪ੍ਰਾਪਤੀ ਕੀ ਇਛਾ ਵਾਲੇ ਪੁਰਸ਼ ਨੇ ਉਠੇ ਹੂਏ ਸਤ੍ਰ ਔ ਰੋਗ ਕੋ ਭੁਲਾਨਾ ਨਾ ਚਾਹੀਏ। ਤਾਤਕਾਲ ਹੀ ਬਧ ਕਰ ਦੇਨੇ ਚਾਹੀਏ। ਕਾਹੇ ਤੇ ਰੋਗ ਔ ਸਤ੍ਰ ਬਢੇ ਹੂਏ "ਅਸਾਧਯ ਹੋ ਜਾਤੇ ਹੈਂ ਤਬ ਵਸ ਮੇ ਨਹੀਂ ਆਵਤੇ ਹੈਂ।੧। ਯਾਂਤੇ ਕਾਣੇ ਦੇਵ ਕੋ ਅਬ ਹੀ ਮੁਕਾਏ "ਡਾਰਣੇ ਚਾਹੀਏ। ਰਾਤ੍ਰੀ ਕੇ ਸਮੇ ਐਸੇ ਮੰਤ੍ਰ ਪਕਾਇ ਕੇ ਸਭੀ ਰਾਜਾ ਲੋਕ ਆਪੋ ਆਪਣੇ ਡੇਰਯੋਂ ਮੈ ਜਾਇ ਨਿਵਾਸ ਕਰਤੇ ਭਏ। ਜਬ ਪ੍ਰਾਤਹ ਕਾਲ ਹੂਆ ਤਬ ਰਣਜੀਤ ਸਿੰਘ ਕੇ ਮਾਰਣੇ ਕੀ ਇਛਾ ਕਰਕੇ ਸਭੀ ਰਾਜਾ ਲੋਕ ਤਯਾਰੀ ਕਰਕੇ ਆਵਤੇ ਭਏ। ਤਬ ਉਨ ਕੇ ਆਵਨੇ ਸੇ ਪਹਿਲੇ ਹੀ ਕਿਸੀ ਦਯਾਵਾਨ ਪੁਰਖ ਨੇ ਰਣਜੀਤ ਸਿੰਘ ਕੋ ਖਬਰ ਕਰ ਦਈ—ਜੋ ਹੇ ਰਾਜਨ! ਤੇਰੇ ਮਾਰਣੇ ਵਾਸਤੇ ਸਭੀ ਰਾਜਾ ਲੋਕ ਚਲੇ ਆਵਤੇ ਹੈਂ। ਜੋ ਕੁਛ ਤੇਰੇ ਸੇ ਅਪਨੇ ਸਰੀਰ ਕੇ ਬਚਾਵਨੇ ਕਾ ਉਪਾਉ ਬਨ ਸਕਤੇ ਹੈ—ਤਬ ਝੱਟ ਪੱਟ ਕਰ ਲੈ। ਜਬ ਵੋ ਸਿਰ ਸੇ ਤੁਝ ਕੋ ਆਇ ਪਕਰੈਂਗੇ ਤਬ ਕੁਛ ਭੀ ਉਪਾਇ ਨਾ ਬਨ ਸਕੇਗੇ।

ਤਿਸ ਪੁਰਖ ਕੀ ਬਾਤ ਸੁਣ ਕੇ ਰਣਜੀਤ ਸਿੰਘ ਕੀ ਮਾਈ ਤੇ ਰਣਜੀਤ ਸਿੰਘ ਬੜੇ ਭੈ-ਭੀਤ ਹੋਤੇ ਭਏ ਔ ਅਪਨੇ ਬਚਾਉ ਕਾ ਕੋਈ ਭੀ ਉਪਾਉ ਨਾ ਦੇਖਤੇ ਹੂਏ ਭਾਗ ਕੇ ਸ੍ਰੀ ਗੁਰੂ ਸਾਹਿਬ ਸਿੰਘ ਜੀ ਕੀ ਤ੍ਰਾਹਿ ਤ੍ਰਾਹਿ ਸਰਣਿ ਸਰਣਿ ਐਸੇ ਕਹਤੇ ਹੂਏ ਸਰਣੀ ਆਇ ਪਏ। ਸਰਦਾਰੋਂ ਸੇ ਡਰਤੀ ਹੂਈ ਰਣਜੀਤ ਸਿੰਘ ਕੀ ਮਾਈ ਨੇ ਰਣਜੀਤ ਕੋ ਬਾਬੇ ਜੀ ਕੇ ਪ੍ਰਯੰਕ ਕੈ ਨੀਚੇ ਛਿਪਾਇ ਦੀਆ ਔ ਆਪ ਥਰ ਥਰ ਕਾਂਪਤੀ ਹੂਈ ਹਜ਼ੂਰ ਕੇ ਆਗੇ ਦੋਨੋ ਹਾਥ ਜੋੜ ਕੈ ਸਿਰ ਨਿਵਾਇ ਕੈ ਬੜੀ ਉਸਤਤੀ ਕਰਤੀ ਭਈ। ਹੇ ਸ੍ਰੀ ਗੁਰੂ ਜੀ ਗਰੀਬਨਿਵਾਜ ਜੀ, ਜੈਸੇ ਹਿਰਣਯ ਕਸਪੁ ਸੇ, ਪ੍ਰਹਲਾਦ ਕੀ ਥੰਮ੍ਹ ਸੇ ਨਿਕਸ ਕੇ ਰਖਯਾ ਕਰੀ ਹੈ ਔ ਜੈਸੇ ਦੁਰਯੋਧਨ ਕੀ ਸਭਾ ਮੈ ਦੁਸ਼ਟ ਦੁਸਾਸਨ ਸੇ

ਦ੍ਰੋਪਦ ਸੁਤਾ ਕੀ ਆਪ ਨੇ ਰਖਯਾ ਕਰੀ ਹੈ। ਔ ਜੈਸੇ ਤੰਦੂਏ ਸੇ ਆਪਨੇ ਗਜ ਕੀ ਰਖਯਾ ਕਰੀ ਹੈ ਔ ਜੈਸੇ ਬਧਕ ਸੇ ਮ੍ਰਿਗਨੀ ਕੀ ਆਪ ਨੇ ਰਖਯਾ ਕਰੀ ਹੈ ਇਤਯਾਦੀ ਬਹੁਤ ਸੀ ਉਸਤਤੀ ਕਰਕੇ ਕਹਤੀ ਭਈ। ਹੇ ਭਗਵਾਨ ਮੈਂ ਅਨਾਥ ਬਿਧਵਾ ਏਕ ਪੁਤ੍ਰਾ ਨਿਰਬਲ ਅਬਲਾ ਮੁਝ ਅਨਾਥਨੀ ਕੇ ਪੁਤ੍ਰ ਕੋ ਯੇ ਸਾਰੇ ਸਰਦਾਰ ਮਾਰਯਾ ਚਾਹਤੇ ਹੈਂ। ਇਨ ਪ੍ਰਬਲ ਰਾਜਯੋਂ ਸੇ ਮੇਰੀ ਔ ਮੇਰੇ ਪੁਤ੍ਰ ਕੀ ਰਖਯਾ ਕਰੋ।

ਐਸੀ ਐਸੀ ਬੇਨਤੀ ਮਹਾਂ ਸਿੰਘ ਕੀ ਪਤਨੀ ਕੀ ਸੁਣ ਕੇ ਸਾਹਿਬ ਤਿਸ ਕੋ ਧੀਰਜ ਦੇਤੇ ਹੂਏ ਬਚਨ ਕਰਤੇ ਭਏ।

ਸ੍ਰੀ ਗੁਰੂਉਵਾਚ॥ ਹੇ ਪੁਤਰੀ ਤੂੰ ਧੀਰਜ ਕਰ, ਓਦਰ ਮਤ। ਹਮ ਤੇਰੇ ਹੀ ਪੁਤਰ ਕੋ ਸਭ ਰਾਜਯੋਂ ਕਾ ਸਿਰਤਾਜ ਬਨਾਵੇਂਗੇ।

ਇਸ ਪ੍ਰਕਾਰ ਸੇ ਰਣਜੀਤ ਸਿੰਘ ਕੀ ਮਾਈ ਕੋ ਉਪਦੇਸ਼ ਕਰ ਰਹੇ ਥੇ ਜੋ ਰਣਜੀਤ ਸਿੰਘ ਕੋ ਖੋਜਤੇ ਹੂਏ ਸਾਰੇ ਸਰਦਾਰ ਸ੍ਰੀ ਗੁਰੂ ਸਾਹਿਬ ਸਿੰਘ ਜੀ ਕੇ ਹਜ਼ੂਰ ਆਇਕੇ ਨਿਮਸਕਾਰ ਕਰਕੇ ਬੈਠ ਜਾਤੇ ਭਏ। ਪਰੰਤੂ ਉਨ ਰਾਜਯੋਂ ਕੇ ਤੌਰ ਬੇਤੌਰ ਦੇਖ ਕੇ ਸਾਹਿਬ ਏਹ ਬਚਨ ਕਰਤੇ ਭਏ ਕਿ ਤੁਮ ਸਰਬ ਹਮਾਰਾ ਏਕ ਬਚਨ ਮਾਨੋ। ਇਸ ਹਮਾਰਾ ਬਚਨ ਮਾਨਨੇ ਸੇ ਤੁਮ ਕੋ ਬਡੋ ਸੁਖ ਪ੍ਰਾਪਤੀ ਹੋਵੈਗੋ। ਔ ਤੁਮਾਰੇ ਰਾਜ ਕੀ ਬ੍ਰਿਧੀ ਹੋਵੇਗੀ। ਪੁਤ੍ਰ ਪੌਤ੍ਰ ਧਨ ਧਾਮ ਪਸ਼ੂ ਦੂਧ ਕਰਕੇ ਫੂਲੋ ਫਲੋਗੇ।

ਹਜ਼ੂਰ ਕੇ ਐਸੇ ਬਚਨ ਸੁਣ ਕੇ ਰਾਜ ਬਲ ਧਨ ਸੈਨਾ ਹੁਕਮ ਰੂਪੀ ਮਦਰਾ ਕੋ ਪਾਨ ਕਰ ਕੇ ਮਸਤ ਹੂਏ ਹੂਏ ਸਰਬ ਰਾਜੇ ਬੋਲੇ ਕਿ ਹੇ ਗੁਰੂ ਜੀ, ਏਕ ਬਚਨ ਕਯਾ ਆਪ ਕੇ ਅਨੇਕਨ ਬਚਨ ਮਾਨੈਗੇ। ਪਰੰਤੂ ਰਣਜੀਤ ਸਿੰਘ ਕੀਆਂ ਬਾਹਾਂ ਹਮਕੋ ਦੇ ਡਾਰੋ।

ਰਾਜਯੋਂ ਕੇ ਵਾਕ ਕੋ ਸੁਣ ਸਿੰਘ ਕੇ ਸਮਾਨ ਗਰਜ ਕੇ ਹਜ਼ੂਰ ਨੇ ਬਚਨ ਕੀਯਾ :

"ਸਿੰਘ ਮੂਛ ਭੁਜੰਗ ਮਣਿ ਸੂਰੇ ਸਰਣ ਪਯਾ।
ਕ੍ਰਿਪਣ ਕੇ ਘਰ ਲਛਮੀ ਚਾਰੇ ਦੇਨ ਮੁਇਆ।"

ਹੇ ਰਾਜਾ ਲੋਕੋ! ਹਮ ਸਰਣਾਗਤਿ ਕੋ ਕਬੀ ਭੀ ਨਾ ਦੇਵੈਗੋ। ਜੇ ਤੁਮ ਕੋ ਅਪਨੇ ਰਾਜ ਭਾਗ ਕੀ ਉਨਤੀ ਕੀ ਇਛਾ ਹੈ ਤੋ ਤੁਮ ਸਭੀ ਰਾਜਾ ਲੋਕ ਰਣਜੀਤ ਸਿੰਘ ਕੀ ਆਗਯਾਨੁਸਾਰੀ ਹੋ ਜਾਵੋ। ਹਮ ਤੁਮ ਕੋ ਇਸ ਕੋ ਆਗਯਾਨੁਸਾਰੀ ਬਨਾਤੇ ਹੈਂ ਔ ਤੁਮ ਉਲਟਾ ਇਸ ਕੇ ਮਾਰਣੇ ਲੀਏ ਇਸ ਕੀਆਂ ਬਾਹਾਂ ਮਾਂਗਤੇ ਹੋ—ਤਬ ਹਮ ਤੁਮ ਕੋ ਸਰਣਾਗਤਿ ਕੀ ਬਾਹਾਂ ਨਹੀਂ ਦੇ ਸਕਤੇ। ਕਾਹੇ ਤੇ ਤੁਮ ਇਸ ਕੇ ਬਾਪ ਕੀ ਮੁਕਾਣ ਦੇਨੇ ਆਏ ਹੋ ਕਿ ਉਲਟਾ ਇਸ ਕੋ ਭੀ ਮੁਕਾਨੇ ਆਏ ਹੋ। ਜੇ ਤੁਮ ਸਰਬ ਸਰਦਾਰ ਅਪਨਾ ਭਲਾ ਚਾਹਤੇ ਹੋ ਤਬ ਰਣਜੀਤ ਸਿੰਘ ਕੇ ਗਲੇ ਮੈਂ ਤਰਵਾਰ ਪਾਇਕੇ ਇਸ ਕੋ ਅਪਨੇ ਸਿਰ ਪਰ ਰਾਜਾ ਧਿਰਾਜ, ਅਪਨਾ ਸੁਆਮੀ ਰਖਯਕ ਅਸਥਾਪਨ ਕਰੋ। ਜੇ ਹਮਾਰਾ ਬਚਨ ਨਾ ਮਾਨੋਗੇ ਤਬ ਦੁਖ ਪਾਵੋਗੇ।

ਕੁਛਕੁ ਕੋਪ ਸੰਯੁਕਤ ਸਾਹਿਬ ਕੇ ਬਚਨੋਂ ਕੋ ਸੁਣ ਕੇ ਰਾਜਾ ਲੋਕ ਭੀ ਸਕੋਪ ਹੋ ਕੇ ਬੋਲੇ। ਸਾਹਿਬ ਜੀ! ਆਪ ਬੇਦੀ ਸਾਹਿਬਜ਼ਾਦੇ ਸ੍ਰੀ ਗੁਰੂ ਨਾਨਕ ਜੀ ਕੀ ਅੰਸ ਹੋ। ਆਪ ਕੋ ਤੋ ਹਮ ਕੁਛ ਕਹ ਨਹੀਂ ਸਕਤੇ, ਆਪ ਹੀ ਇਸ ਰਣਜੀਤ ਸਿੰਘ ਕੇ ਗਰੇ ਮੇ ਤਰਵਾਰ ਡਾਰ ਕੇ ਰਾਜਾ ਧਿਰਾਜ ਬਨਾਇ ਦੇਵੋ ਔ ਹਮ ਤੋ ਇਸ ਕੋ ਮਾਰ ਹੀ ਡਾਰੇਂਗੇ। ਫਿਰ ਭੀ ਹਜ਼ੂਰ ਨੇ ਸ਼ਾਂਤਿ ਪੂਰਬਕ ਬਚਨ ਕੀਆ—ਤੁਮ ਐਸਾ ਨ ਕਰੋ। ਏਕ ਤੋ ਇਹ ਆਪ ਭੀ ਬਹਾਦਰ ਹੈ ਦੂਸਰਾ ਹਮ ਭੀ ਇਸ ਕੇ ਸਹਾਯਕ ਹੈਂ। ਤੀਸਰਾ ਯੇਹ ਰਣਜੀਤ ਸਿੰਘ ਤੁਮਾਰੇ ਭੀ ਬਹੁਤ ਕਾਮ ਆਵੇਗਾ। ਤੁਮ ਲੋਕ ਇਸ ਕੋ ਖਾਲੀ ਨਜ਼ਰ ਭੇਟ ਦੀਆ ਕਰੋ ਅਪਨਾ ਬਾਦਸ਼ਾਹ ਜਾਨ ਕੇ। ਮਿਲਕੇ ਰਹਿਨੋਂ ਆਛੇ ਹੋਤੇ ਹੈ। ਦੇਖੋ ਪਠਾਨ ਆਦਿਕ ਬਹੁਤ ਸਾਰੇ ਸ਼ਤ੍ਰੂ ਤੁਮਾਰੇ ਸਿਰ ਪਰ ਬੈਠੇ ਹੈ। ਇਸ ਲੀਏ ਆਪਸ ਮੈ ਫੋਟਕ ਨਹੀਂ ਚਾਹੀਏ। ਹਮਾਰਾ ਬਚਨ ਮਾਨ ਕੇ ਮਿਲਕੇ ਰਹੋਗੇ ਤਬ ਸੁਖ ਪਾਵੋਗੇ। ਨਹੀਂ ਫਿਰ ਤੁਮਾਰੀ ਮਰਜੀ ਹੈ।

ਫਿਰ ਭੀ ਹਜ਼ੂਰ ਕੇ ਵਚਨ ਕੋ ਕੁਪਥ ਜਾਨ ਕੇ ਰਾਜਾ ਲੋਕ ਇਹੀ ਉਤਰ ਦੇਤੇ ਭਏ—ਆਪ ਕੀ ਇਛਾ ਆਵੇ ਸੋ ਕਰੋ, ਪਰੰਤੂ ਹਮ ਨੇ ਤੋ ਇਸ ਕਾਣੇ ਦੇਵ ਕੋ ਮੁਕਾਇ ਹੀ ਦੇਣੇ ਹੈ। ਕੁਛ ਕੋਪ ਯੁਕਤ ਹੋ ਕੇ ਸਾਹਿਬ ਬਚਨ ਕਰਤੇ ਭਏ—ਅਛਾ ਤੁਮ ਮੁਕਾਣ ਦੇਨੇ ਕੋ ਆਇ ਹੋ ਕਿ ਇਸ ਕੀ ਕਾਣ ਹੀ ਮੁਕਾਨੇ ਆਏ ਹੋ। ਐਸੇ ਬਚਨ ਕਰਕੇ ਅਪਨੇ ਪ੍ਰਯੰਕ ਕੇ ਨੀਚੇ ਸੇ ਰਣਜੀਤ ਸਿੰਘ ਕੋ ਕੇਸੋਂ ਕੇ ਜੂੜੇ ਸੇ ਪਕੜ ਕੇ ਬਾਹਰ ਨਿਕਾਸ ਕੇ ਅਪਨੇ ਗਾਤ੍ਰੇ ਸੇ ਤਰਵਾਰ ਉਤਾਰ ਕੇ ਰਣਜੀਤ ਸਿੰਘ ਕੇ ਗਾਤ੍ਰੇ ਪਾਇਕੇ ਬਚਨ ਕੀਆ ਕੇ ਜਾਹੁ ਰੇ ਸਾਰੇ ਗਹਣੇ ਭੰਨ ਕੇ ਇਕੋ ਹੱਸ ਘੜਯਾ ਬਣਾਯਾ ਅਪਨੇ ਆਗੇ ਰਣਜੀਤ ਸਿੰਘ ਕੋ ਬਿਠਾਇ ਕੇ ਇਹ ਭੀ ਬਚਨ ਕੀਆ, ਲੇਹੁ ਰੇ ਰਣਜੀਤ ਸਿੰਘ ਤੂੰ ਅਜ ਸੇ ਲੈ ਕੇ ਰਣ ਕੇ ਜੀਤਨੇ ਹਾਰੇ ਸਾਰਥਿਕ ਨਾਮ ਅਬ ਤੇਰੋ ਹੂਆ ਹੈ। ਹਮਾਰੇ ਬਚਨ ਸੇ ਰਾਜਾ ਧਿਰਾਜ ਤੂੰ ਆਜ ਸੇ ਹੂਆ। ਇਨ ਰਾਜਯੋਂ ਕੀਆਂ ਰਾਣੀਆਂ ਤੇਰੀ ਆਗਿਆਕਾਰ ਹੋਵੇਂਗੀਆਂ।

ਸ੍ਰੀ ਗੁਰੂ ਜੀ ਕੇ ਸਮੀਪ ਹੀ ਭਾਈ ਮਨਸਾ ਸਿੰਘ ਜੀ ਬੈਠੇ ਥੇ। ਮਹਾਰਾਜ ਜੀ ਕੇ ਵਾਰਤਮਿਕ ਐਸੇ ਵਚਨ ਸੁਣ ਕੇ ਉਨੋ ਨੇ ਕਹਯਾ—ਸੱਚੇ ਪਾਤਸ਼ਾਹੁ ਜੀ! ਜੇ ਹੰਸ ਭਾਰੀ ਹੋ ਜਾਵੇ ਤਬ ਹੰਸ ਗਲ ਕੇ ਹਾਡ ਕੋ ਭੀ ਤੋੜਨੇ ਲਾਗ ਜਾਤੇ ਹੈ। ਤੈਸੇ ਹੀ ਮੂਰਖ ਅਪਨੀ ਪੂਰਬਲੀ ਅਵਸਥਾ ਕੋ ਜਾਨਤੇ ਨਹੀਂ ਹੈ ਔ ਜਿਸ ਕੇ ਉਪਕਾਰ ਸੇ ਵਧਤੇ ਹੈ ਤਿਸੀ ਕਾ ਹੀ ਅਪਕਾਰ ਕਰਨੇ ਲਾਗ ਜਾਤੇ ਹੈ। ਵਰਾਕ ਕੋ ਬਹੁਤ ਵਧਾਵਨੋ ਔ ਕੰਗਾਲ ਕੋ ਬਹੁਤ ਪੇਟ ਭਰਨੋ ਅਛਾ ਨਹੀਂ ਹੋਤੇ ਹੈ। ਕਾਹੇ ਤੇ ਤਿਸ ਤੇ ਬਿਕਾਰ ਪੈਦਾ ਹੋਤੇ ਹੈਂ। ਰਾਵਣ ਜੈਸੇ ਸ੍ਰੀ ਮਹਾਂਦੇਵ ਜੀ ਕੇ ਵਰ ਪ੍ਰਦਾਨ ਕੇ ਪ੍ਰਭਾਵ ਸੇ ਤੀਨੋਂ ਲੋਕੋਂ ਕੋ ਜੀਤ ਕੇ ਭੁਜ ਦੰਡ ਕੇ ਬਲ ਸੇ ਬਵਰੋ ਹੂਆ ਹੂਆ ਸ੍ਰੀ ਮਹਾਂਦੇਵ ਜੀ ਕੇ ਘਰ ਕੈਲਾਸ ਕੋ ਉਠਾਇ ਕੇ ਤੋਲਨੇ ਲਾਗ ਜਾਤੇ ਭਯੋ। ਜੋ ਦੇਖੋ ਤੋ ਸਹੀ ਕੈਲਾਸ ਕਿਤਨੋਕ ਭਾਰੀ ਹੈ। ਧੂਵ ਮੁਖ ਚਿਤੋ ਮੁਹਯਤਿ ਖਲਾ: ॥ ਅਰਥਾਤ ਬ੍ਰਿਧੀ ਕੋ ਪ੍ਰਾਪਤ ਕੀਆ ਹੂਆ ਮੂਢ ਮੋਹ ਕੋ ਪ੍ਰਾਪਤ ਹੋ ਜਾਤੇ ਹੈ। ਪੁਨਾ ਮੋਹ ਕਰਕੇ ਪ੍ਰਮਤ ਹੂਆ ਹੂਆ ਬਡੋ ਛੋਟੋ ਅਪਨੇ ਬਿਰਾਨੇ ਨਹੀਂ ਦੇਖਤੇ ਹੈ— ਧਰਮਾਂ ਧਰਮ ਕੋ ਨਹੀਂ ਵਿਚਾਰਤੇ ਹੈ। ਇਕਸਾਰ ਸਭ ਕੋ ਅਪਰਾਧ ਕਰਨੇ ਲਾਗ ਜਾਤੇ ਹੈ। ਯਾਤੇ ਕੰਗਾਲ ਕੋ ਅਤਯੰਤ ਬਢਾਨੋ ਨੀਤੀ ਕੇ ਜਾਨਨੇ ਹਾਰੇ ਆਛੋ ਨਹੀਂ ਮਾਨਤੇ ਹੈ। ਆਗੇ ਆਪ ਸਰਬਗ ਹੋ। ਸਭੀ ਕੁਛ ਜਾਨਤੇ ਹੀ ਹੋ। ਇਸ ਪ੍ਰਕਾਰ ਕੇ ਭਾਈ ਮਨਸਾ ਸਿੰਘ ਕੇ ਬਚਨ ਸੁਣ ਕੇ।

ਸ੍ਰੀ ਗੁਰਉਵਾਚ ॥ ਹੇ ਭਾਈ ਮਨਸਾ ਸਿੰਘ ਜੀ! ਸਚ ਹੈ ਤੁਮਾਰੇ ਬਚਨ। ਤਥਾਪੀ ਜਿਸ ਪਾਨੀ ਸੇ ਬ੍ਰਿਛ ਉਤਪਤ ਹੋਤੇ ਹੈਂ ਫਿਰ ਤਿਸੀ ਪਾਨੀ ਸੇ ਮਾਰਯੋ ਭੀ ਜਾਤੇ ਹੈ। ਜਬ ਬ੍ਰਿਛ ਪਾਨੀ ਕੇ ਕ੍ਰਿਤ ਉਪਕਾਰ ਕੋ ਨਹੀਂ ਜਾਨਤੇ ਹੈ ਤਬ ਕੋਪ ਕਰਕੇ ਤਿਸੀ ਬ੍ਰਿਛ ਕੋ ਪਾਨੀ ਸੀਤਰੂਪ ਹੋ ਕੇ, ਬਰਫ਼ ਰੂਪ ਹੋ ਕੇ ਗੜਾ ਰੂਪ ਹੋ ਕੇ ਅਪਨੀ ਅਪ੍ਰਾਪਤੀ ਸੇ ਤਿਸ ਬ੍ਰਿਛ ਕੋ ਸੁਕਾਇ ਡਾਰਤੇ ਹੈ। ਜਿਸ ਕੋ ਬਨਾਨੇ ਕੀ ਸਾਮਰਥ ਹੈ ਮਨਸਾ ਸਿੰਘ ਜੀ! ਤਿਸ ਕੋ ਭੰਨਨੇ ਕੀ ਭੀ ਸਮਰਥ ਹੈ।

ਐਸੇ ਵਰ ਪ੍ਰਦਾਨ ਦੇ ਕੇ ਰਣਜੀਤ ਸਿੰਘ ਕੋ ਰਾਜਾ ਧਿਰਾਜ ਬਨਾਇ ਕੇ ਮਾਈ ਸਣੇ ਬਿਦਾ ਕਰਤੇ ਭਏ। ਔਰ ਰਾਜਾ ਲੋਕ ਹਜ਼ੂਰ ਕਾ ਬਚਨ ਨਾ ਮਾਨਨਰੂਪ ਹੇਤੂ ਕੇ ਸ੍ਰਾਪ ਕੋ ਪ੍ਰਾਪਤ ਹੋ ਕੇ ਨਿਰਾਸ ਹੋ ਕੇ ਉਠ ਜਾਤੇ ਭਏ।

ਚੌ:—ਜਿਨ ਜਿਨ ਕੀਨੀ ਗੁਰ ਕੀ ਸੇਵਾ। ਪੂਜਾ ਅਰਚਾ ਬੰਦਨ ਦੇਵਾ।
ਤਿਨ ਕੀ ਹੋਈ ਪੂਰਣ ਆਸਾ। ਸਕਲ ਵਿਘਨ ਟਰ ਭਏ ਨਿਰਾਸਾ।੧।
ਦੋ:—ਜਿਨ ਕੇ ਵਸ ਬ੍ਰਹਮੰਡ ਲਖ ਸਕਲ ਜਗਤ ਆਧਾਰ।
ਸੋ ਪਰਮਾਤਮ ਆਪ ਹਰਿ ਸਾਹਿਬ ਹਰਿ ਅਵਤਾਰ।੨।

ਓਂ ਤਤਸਤ ਇਤੀ ਸ੍ਰੀ ਮਤ ਬੀਰ ਪ੍ਰਕਾਸ਼ੇ ਦੇਵਤਰੂ ਗੁਰੂ ਬਿਲਾਸੇ ਸ੍ਰੀ ਗੁਰੂ ਸਾਹਿਬ ਸਿੰਘੋ ਪਾਖਯਾਨੇ ਰਣਜੀਤ ਸਿੰਘ ਕੋ ਰਾਜਾ ਧਿਰਾਜ ਥਾਪੰਨ ਨਾਮ ਏਕਾਦਸੋ ਅਧਯਾਯ।੧੧।

# ੧੨ ਅਧਯਾਯ

ੴ ਤਤਸਤ

ਦੋ:—ਪ੍ਰਗਟ ਭਏ ਜਿਹ ਭਾਂਤਿ ਜਗ ਸ੍ਰੀ ਗੁਰੂ ਦੀਨ ਦਯਾਲ।

ਸੋਈ ਹੇਤੁ ਅਬ ਕਹਤ ਹੋਂ ਸੁਨਯੋ ਕਥਾ ਰਸਾਲ।੧।

ਅਬ ਕਥਾ ਪ੍ਰਸੰਗ

ਪ੍ਰਸ਼ਨ।। ਹੇ ਸੱਜਨ! ਆਪ ਕੇ ਵਰਨਨ ਕਰਨੇ ਸੇ ਰਾਜਾ ਰਣਜੀਤ ਸਿੰਘ ਕਾ ਪ੍ਰਸੰਗ ਰਾਜਾ ਧਿਰਾਜ ਹੋਣੇ ਕਾ ਹਮਨੇ ਸਭ ਸੁਨਯੋ ਹੈ, ਪਰੰਤੂ ਸ੍ਰੀ ਗੁਰੂ ਸਾਹਿਬ ਸਿੰਘ ਜੀ ਕੇ ਸੰਸਾਰ ਵਿਖੇ ਪ੍ਰਗਟ ਹੋਨੇ ਕਾ ਪ੍ਰਸੰਗ ਹਮ ਨੇ ਨਹੀਂ ਸੁਨਯੋ ਹੈ। ਜੈਸੇ ਸੰਸਾਰ ਮੈ ਵਿਦਿਤ ਭਏ ਹੈਂ, ਸੋ ਕਥਾ ਕਾ ਪ੍ਰਸੰਗ ਭੀ ਹਮ ਕੋ ਸੁਣਾਇ ਦੇਵੋ।

ਐਸਾ ਕਿਸੀ ਸ੍ਰੋਤਾ ਕਾ ਪ੍ਰਸ਼ਨ ਸੁਣ ਕੇ। ਕਵਿ ਉਵਾਚ।। ਹੇ ਸ੍ਰੋਤਾ ਜਨੋ ਸੁਣਹੁ ਏਕਾਗ੍ਰ ਚਿਤ ਕਰ ਕੇ ਸ੍ਰੀ ਗੁਰੂ ਸਾਹਿਬ ਸਿੰਘ ਜੀ ਕੀ ਅਦਭੁਤ ਅਸਚਰਯ ਕੇ ਉਤਪਤ ਕਰਣੇਹਾਰੀ ਅੰਮ੍ਰਿਤ ਰੂਪੀ ਕਥਾ।

ਜਬ ਬਾਬਾ ਅਜੀਤ ਸਿੰਘ ਜੀ ਕਲਕੱਤੇ ਮੈ ਜਾਇ ਕੇ ਬਹੁਤ ਕਾਲ ਰਹਕੇ ਸਮਾਇ ਗਏ ਹੈ ਨਿਜ ਰੂਪ ਮੈ। ਤਿਨਹੁ ਸੇ ਕੋਈ ਦਿਨ ਪੀਛੇ ਸ੍ਰੀ ਗੁਰੂ ਸਾਹਿਬ ਸਿੰਘ ਜੀ ਅਪਨੇ ਤਾਊ ਜੀ ਕੇ ਸਾਥ ਪਰਬਤ ਦੂਣ ਮੈ ਅਪਨੀ ਸਿਖੀ ਸੇਵਕੀ ਕੋ ਦਰਸ਼ਨ ਦੇਨੇ ਜਾਤੇ ਭਏ। ਤਬ ਕੋਈ ਪਗੜੀ ਯਾ ਪਾਂਚ ਸੇਰ ਕੋਈ ਸਾਤ ਸੇਰ ਕੋਈ ਚਾਰ ਸੇਰ ਕੋਈ ਸੇਰ ਦੋ ਸੇਰ ਕੋਈ ਇਸ ਪ੍ਰਕਾਰ ਸੇ ਕਾਰ ਭੇਟ ਲਾਤੇ ਭਏ। ਉਨ ਕੀ ਕਾਰ ਭੇਟ ਕੀ ਓਰ ਦੇਖ ਕੇ ਸਾਹਿਬ ਅਪਨੇ ਤਾਊ ਜੀ ਸੇ ਬੋਲੇ ਕਿ ਬਾਬਾ ਜੀ ਹਮਨੇ ਇਸ ਪ੍ਰਕਾਰ ਸੇ ਤੋ ਕਾਰ ਭੇਟ ਨਹੀਂ ਉਗ੍ਰਾਹਵਣੀ ਹੈ ਜੈਸੇ ਆਪ ਉਗ੍ਰਾਹਤੇ ਫਿਰਤੇ ਹੈਂ। ਸੇਰ ਸੇਰ ਤੇ ਅਧ ਅਧ ਸੇਰ ਤੇ ਪਾ ਪਾ ਭਰ ਦਾਣੇ ਘਰ ਘਰ ਸੇ ਲੈਣੇ। ਏਹੁ ਤੁਸੀਂ ਜਾਨਹੁ ਔ ਤੁਹਾਡੀ ਸਿਖੀ ਸੇਵਕੀ ਜਾਣੇ। ਇਸ ਪ੍ਰਕਾਰ ਉਪਰਾਮਤਾ ਕੇ ਵਚਨ ਸਾਹਿਬਜ਼ਾਦੇ ਕੇ ਮਹਾਰਾਜ ਜੀ ਕੇ ਤਾਊ ਨੇ ਸੁਨ ਕੇ ਬਚਨ ਕੀਆ—ਹੇ ਸਾਹਿਬਜ਼ਾਦਿਆ! ਜੇ ਤੁਝ ਕੋ ਇਸ ਚਾਲ ਕੀ ਅਲਪ ਸੀ ਪੂਜਾ ਪਸਿੰਦ ਨਹੀਂ ਹੈ ਤਬ ਜੇ ਤੂੰ ਕੋਈ ਕਲਾ ਰਾਖਤਾ ਹੈਂ ਤਬ ਅਪਨੀ ਕਲਾ ਦਿਖਾਇ ਕੇ ਪ੍ਰਗਟ ਗੁਰੂ ਰੂਪ ਹੋ ਕੇ ਬਹੁਤ ਸਾ ਪੂਜਾਇ ਲੈ ਐਸੇ ਐਸੇ ਅਪਨੇ ਪਿਤ੍ਰਿਬਯ ਬਾਬਾ ਧਰਮ ਸਿੰਘ ਬ੍ਰਿਧ ਕੇ ਵਚਨ ਸੁਣਕੇ—

ਸ੍ਰੀ ਗੁਰੂ ਸਾਹਿਬ ਸਿੰਘੋ ਵਾਚ।। ਹੇ ਤਾਊ ਜੀ ਆਪ ਕੇ ਬ੍ਰਿਧੋਂ ਕੇ ਵਰ ਪ੍ਰਦਾਨ ਰੂਪ ਵਚਨੋ ਸੇ ਐਸੇ ਹੀ ਹੋਗਾ। ਐਸੇ ਕਹਕੇ ਦੂਣ ਸੇ ਚਲ ਕੇ ਸੰਤੋਖ ਗਢ ਮੈ ਆਵਤੇ ਭਏ। ਸੰਤੋਖ ਗਢ ਗੁਰੂ ਪਲਾਹਾ ਛੇਵੀਂ ਪਾਤਸਾਹੀ ਗੁਰੂ ਹਰਿ ਗੋਵਿੰਦ ਸਾਹਿਬ ਕੋ ਅਸਥਾਨ ਸੰਤੋਖ ਗਢ ਸੇ ਏਕ ਕੋਸ ਹੈ। ਸੰਤੋਖ ਗਢ ਵਾਲੇ ਰਾਜਾ ਰਾਮ ਸਿੰਘ ਨੇ ਗੁਰੂ ਜੀ ਕੋ ਬਡੋ ਸਤਕਾਰ ਕੀਓ। ਬਡੇ ਆਦਰ ਸੇ ਨਮਸਕਾਰ ਕਰਕੇ ਪ੍ਰਯੰਕ ਮੰਗਵਾਇ ਕੇ ਸੁੰਦਰ ਸ੍ਵੇਤ ਬਰਨ ਕੇ ਨਵੀਨ ਦੂਧ ਕੀ ਫੇਨ ਸਮ ਬਿਛੌਨੇ ਬਿਛਾਇ ਕੇ ਬੈਠਾਵਤੇ ਭਯੇ। ਔ ਚਰਨ ਮਹਾਰਾਜ ਜੀ ਕੇ ਧੋਇ ਕੇ ਚਰਣਾਮ੍ਰਿਤ ਲੇ ਕੇ ਸੀਸ ਪੈ ਅਪਨੇ ਚਢਾਇ ਕੇ ਸੇਸ਼ ਚਰਣਾਮ੍ਰਿਤ ਗ੍ਰਹ ਮੈ ਸਿੰਚਨ ਕਰਤੇ ਭਯੇ। ਬਡੀ ਸ੍ਰਧਾ ਸੇ ਪ੍ਰਸਾਦ ਛਕਾਇ ਕੇ ਪੁਨਃ ਹਸਕੇ ਬਚਨ ਕਰਤੇ ਭਯੇ, ਮਹਾਰਾਜ ਜੀ: ਆਪ ਦੋ ਸਾਹਿਬ ਹੋ ਔ ਘੋੜਾ ਏਕ ਹੈ। ਆਪ ਕੈਸੇ ਨਰਬਾਹ ਕਰਤੇ ਹੋਗੇ। ਏਕ ਸਾਹਿਬ ਘੋੜੇ ਪਰ ਅਸ੍ਵਾਰ ਹੋਤੇ ਹੋਵੇਂਗੇ ਔ ਏਕ ਪੈਦਲ ਚਲਤੇ ਹੋਵੇਂਗੇ। ਇਸ ਰੀਤੀ ਕੀ ਰਾਜਾ ਕੀ ਬੇਨਤੀ ਸੁਣ ਕੇ ਰਾਜਾ ਪ੍ਰਤਿ।

ਸ੍ਰੀ ਗੁਰੂਉਵਾਚ।। ਹੇ ਰਾਜਨ! ਸੰਤ ਜਨੋਂ ਕੋ ਧਰਮ ਹੈ ਜੋ ਸੰਤੋਖ ਰਾਖਣੋ ਔ ਭਗਵੰਤ ਕੀ ਰਜਾਇ ਪਰ ਰਾਜੀ ਰਹਣੋ। ਜੈਸੇ ਸਮੋ ਬੀਤ ਗਯੋ ਤੈਸੇ ਬੀਤ ਗਯੋ। ਭਗਵੰਤ ਕੇ ਪਯਾਰੇਂ ਕੋ ਇਸ਼ਟਾ ਨਿਸ਼ਟ ਹਰਖ ਸੋਕ ਕੇ ਜਨਕ ਨਹੀਂ ਹੋਤੇ ਹੈ। ਕਾਹੇ ਤੇ ਵਹੁ ਇਸ ਵਿਚਾਰ ਕਰਕੇ ਪ੍ਰਸੰਨ ਰਹਤੇ ਹੈਂ। ਕਯਾ ਜਗ੍ਰਤ ਅਵਸਥਾ ਕੇ ਕ੍ਰਿਚਿੰਤ ਕਾਲ ਮੈ ਮਾਯਾ ਔ ਹੁਕਮ ਕੇ ਮਦ ਕਰ ਕੇ ਮਸਤ ਹੁਏ ਹੁਏ ਕੋਈ ਕਹਤੇ ਹੈ ਕੇ ਮੈ ਧਨੀ ਹੂੰ, ਕੋਈ ਕਹਤੇ ਹੈ ਮੈਂ ਬਾਦਸਾਹ ਹੂੰ। ਸਾਰੇ ਸੰਸਾਰ ਪਰ ਮੇਰੋ ਹੀ ਹੁਕਮ ਵਰਤਤੋ ਹੈ। ਕੋਈ ਕਹਤੇ ਹੈ ਮੈ ਵਰਾਕ ਗਰੀਬ ਹੂੰ ਅਸਮਰਥ ਹੂੰ।

ਜਬ ਸੁਪਨੇ ਹੋਤੇ ਹੈ ਤਿਸ ਅਵਸਥਾ ਮੈ ਔਰ ਹੀ ਸਰੀਰ ਔਰ ਹੀ ਸ੍ਰਿਸ਼ਟੀ ਤਹਾਂ ਜਾਗ੍ਰਤ ਅਵਸਥਾ ਕੇ ਪਦਾਰਥੋਂ ਕਾ ਲੇਸ ਭੀ ਨਹੀਂ ਰਹਤੇ ਹੈ। ਸੁਖੁਪਿਤ ਅਵਸਥਾ ਮੈ ਜਾਗ੍ਰਤ ਸੁਪਨ ਦੋਨੋ ਕੋ ਅਭਾਵ ਹੋਤੇ ਹੈ। ਤਹਾਂ ਨਾ ਰਾਜਾ ਕੋ ਰਾਜਪਨੋ ਰਹਤੇ ਹੈ ਔ ਨਾ ਕੰਗਾਲ ਕੋ ਕੰਗਾਲਪਨੋ ਰਹਤੇ ਹੈ। ਰਾਜਾ ਔ ਧਨੀ ਕੀ ਰਾਤ੍ਰੀ ਸੁੰਦਰ ਫੂਲੋਂ ਕੀ ਸਿਹਜਾ ਪੈ ਵਿਤੀਤ ਹੋ ਜਾਤੀ ਹੈ ਔ ਗਰੀਬ ਕੀ ਭੂਮੀ ਪੈਂ ਸੈਨ ਕੀਏ ਕੀ ਬੀਤ ਜਾਤੀ ਹੈ। ਹੇ ਰਾਜਨ ! ਸਮੋ ਤੋ ਕਿਸ ਕੋ ਅਟਕਯੋ ਰਹਤੋ ਨਹੀਂ ਹੈ। ਜੈਸੇ ਬੀਤ ਗਯੋ, ਬੀਤ ਗਯੋ। ਬੀਤੇ ਹੂਏ ਸਮੇ ਕੋ ਬਿਨਾ ਸੰਸਕਾਰ ਔਰ ਸਿਮ੍ਰਿਤਿ ਬਿਨਾਂ ਕੁਛ ਰੂਪ ਰੰਗ ਸ਼ੇਸ਼ ਨਹੀਂ ਰਹ ਜਾਤੋ ਹੈ। ਯਾਂਤੇ ਹੇ ਰਾਜਨ ! ਇਸ ਜੀਵ ਕਾ ਜਿਤਨਾ ਕਾਲ ਸਤਸੰਗ ਮੈ ਔ ਭਗਵੰਤ ਕੇ ਭਜਨ ਮੈ ਜਾਤੋ ਹੈ, ਵੋਹੀ ਸਮੋਂ ਸਫਲ ਹੈ ਔਰ ਸਾਰੇ ਸਮੋ ਬਯਰਥ ਹੀ ਹੈ।

ਇਸ ਪ੍ਰਕਾਰ ਕੇ ਵੈਰਾਗ ਮਿਸ਼੍ਰਿਤ ਸ੍ਰੀ ਗੁਰੂ ਜੀ ਕੇ ਬਚਨ ਸੁਣ ਕੇ ਰਾਜਾ ਕੋ ਮਨ ਬਹੁਤ ਪ੍ਰਸੰਨ ਹੋਤੇ ਭਯੋ। ਹਾਥ ਜੋੜ ਕੇ ਰਾਜਾ ਨੇ ਅਰਦਾਸ ਕਰੀ ਹੇ ਗੁਰੂ ਜੀ ! ਆਪ ਜੰਗਮ ਤੀਰਥ ਹੋ। ਕ੍ਰਿਪਾ ਦ੍ਰਿਸ਼ਟੀ ਕਰ ਕੇ ਹਮ ਸਾਰਖੇ ਪਤਤੋਂ ਕੇ ਉਧਾਰ ਅਰਥ ਆਪ ਕੋ ਭੂਪੀਠ ਪਰ ਵਿਚਰਨੋ ਹੈ। ਆਜ ਮੇਰੇ ਬਡੇ ਉਤਮ ਭਾਗ ਉਦੈ ਭਏ ਹੈਂ ਜੋ ਆਪ ਕੋ ਆਵਨੋ ਭਯੋ ਹੈ ਇਤਿ ਆਦਕ ਸ੍ਰੀ ਗੁਰੂ ਜੀ ਕੀ ਉਸਤਤੀ ਕਰਕੇ ਅਪਨੇ ਭ੍ਰਿਤ ਕੋ ਰਾਜਾ ਨੇ ਹੁਕਮ ਦੀਆ ਕਿ ਹਮਾਰੇ ਤਬੇਲੇ ਮੈ ਸੇ ਏਕ ਬਹੁਤ ਅਛਾ ਘੋੜਾ ਮਹਾਰਾਜ ਜੀ ਕੀ ਅਸ੍ਵਾਰੀ ਵਾਸਤੇ ਲੇ ਆਓ।

ਰਾਜਾ ਕੀ ਆਗਿਆ ਅਨੁਸਾਰ ਵਹੁ ਸੇਵਕ ਏਕ ਬਾਜੀ ਸਿੰਗਾਰ ਕੇ ਹਾਜ਼ਰ ਆਇ ਖੜਾ ਕੀਆ। ਰਾਜਾ ਨੇ ਹਾਥ ਜੋੜ ਕੇ ਬੇਨਤੀ ਕਰੀ—ਲੀਜਯੇ ਪਾਤਸਾਹੁ ਜੀ ਇਸ ਬਾਜੀ ਪਰ ਆਪ ਅਸ੍ਵਾਰੀ ਕੀਆ ਕਰੇਂ। ਤਿਸ ਤੁਰੰਗ ਕੀ ਓਰ ਦੇਖ ਕੇ ਸਾਹਿਬ ਵਚਨ ਕਰਤੇ ਭਏ—ਵਾਹੁ ਰਾਜਨ ! ਹਮਕੋ ਬਹੁਤ ਆਛੋ ਟੱਟੂ ਦੀਓ ਹੈ, ਜਿਸ ਨੇ ਭੋਰ ਹੋਤੇ ਹੀ ਮਰ ਜਾਣੋ ਹੈ।

ਐਸਾ ਬਚਨ ਸ੍ਰੀ ਗੁਰੂ ਸਾਹਿਬ ਸਿੰਘ ਜੀ ਕਾ ਸੁਣ ਕੇ ਰਾਜਾ ਨੇ ਅਰਜ ਕਰੀ—ਹੇ ਗੁਰੂ ਜੀ ! ਜੇ ਯੇਹ ਘੋੜਾ ਆਜ ਰਾਤ੍ਰੀ ਬੀਤੀ ਤੇ ਭੋਰ ਹੋਤੇ ਹੀ ਮਰ ਗਯਾ ਤਬ ਹਮਾਰੇ ਤਬੇਲੇ ਮੈ ਜਿਸ ਬਾਜੀ ਪਰ ਆਪ ਹਾਥ ਰਾਖੋਗੇ, ਓਹੀ ਮੈ ਆਪ ਕੇ ਅਰਪਣ ਕਰ ਦੇਵੋਂਗੇ।

ਐਸੇ ਕਹਕੇ ਰਾਜਾ ਨੇ ਘੋੜਾ ਅਪਨੇ ਪ੍ਰਯੰਕ ਕੇ ਸਮੀਪ ਬੰਧਾਇ ਕੇ ਪੈਹਰਾ ਖੜਾ ਕਰ ਦੀਆ ਕਿ ਔਰ ਕੋਈ ਛਲ ਕਰਕੇ ਇਸ ਕੋ ਮਾਰ ਨ ਦੇਵੇ। ਰਾਤ੍ਰੀ ਭਰ ਬਡੀ ਤਕੜਾਈ ਰੱਖੀ। ਦਰਵਾਜੇ ਸਭ ਬੰਦ ਕਰਵਾਇ ਕੇ ਆਪ ਭੀ ਤਿਸ ਘੋੜੇ ਕੇ ਪਾਸ ਹੀ ਰਹਤਾ ਭਯਾ। ਜਬ ਪ੍ਰਾਤਾਹ ਕਾਲ ਕਾ ਸਮਾਂ ਹੂਆ ਤਬ ਸੂਲ ਹੋ ਕੇ ਘੜੀਕ ਮੈ ਵੋ ਘੋੜੇ ਮਰ ਜਾਤੋ ਭਯੋ। ਤਬ ਰਾਜਾ ਦਿਨ ਚਢੇ ਬਡੇ ਭੈਭੀਤ ਹੋ ਕੇ ਸ੍ਰੀ ਗੁਰੂ ਜੀ ਕੀ ਚਰਣੀ ਆਇ ਲਾਗਯੋ, ਤਥਾ ਮਹਾਰਾਜ ਜੀ ਕੋ ਅਪਨੇ ਸਾਥ ਲੈ ਜਾਇਕੇ ਬਾਜਯੋਂ ਕੇ ਤਬੇਲੇ ਮੈ ਲੈ ਜਾਇਕੇ ਅਰਜ ਕਰਤੋ ਭਯੋ—ਹੇ ਗੁਰੂ ਜੀ ! ਯੇਹ ਸੈਂਕੜੇ ਘੋੜੇ ਖੜੇ ਹੈਂ—ਜੋਨ ਸੇ ਘੋੜੇ ਆਪ ਕੀ ਪਸਿੰਦ ਆਵਤੇ ਹੈ ਸੋ ਲੇ ਲੇਵੋ।

ਤਬ ਤਥਾਸਤੁ ਕਹਕੇ ਸ੍ਰੀ ਗੁਰੂ ਦੇਵ ਜੀ ਨੇ ਏਕ ਦੁਬਰੋ ਸੋ ਬਾਜੀ ਮਹਾਰਾਜ ਜੀ ਨੇ ਪਸਿੰਦ ਕੀਓ। ਤਬ ਰਾਜਾ ਨੇ ਕਹਯੋ—ਹੇ ਪ੍ਰਭੂ ਜੀ ! ਯੇਹ ਤੋ ਬਹੁਤ ਦੁਬਰੇ ਸੇ ਟੱਟੂ ਹੈ, ਇਸ ਕੋ ਆਪ ਨਾ ਲੇਵੋ। ਆਪ ਖਾਸ ਮੇਰੇ ਚਢਨੇ ਵਾਰੋ ਬਾਜੀ ਲੇਵੋ ਯੇਹ ਕਯਾ ਲੇਤੇ ਹੈਂ। ਤਬ ਬਚਨ ਹੂਆ—ਹੇ ਰਾਜਨ ! ਤੁਮ ਕਯਾ ਜਾਨੋ ਇਨ ਗਾਜੀ ਮਰਦੋਂ ਕੀ ਸਾਰ ਕੂੰ। ਜੇ ਪਵਨ ਨੂੰ ਯੇਹ ਜੀਤਯਾ ਚਾਹੇ—ਤਬ ਜੀਤ ਸਕਤੇ ਹੈ। ਯੇਹ ਬਡੇ ਬਲੀ ਅਸ੍ਵ ਹੈ।

ਤਬ ਰਾਜਾ ਨੇ ਕਹਯੋ—ਅਛਾ ਸਾਹਿਬ ਜੀ ! ਜੋ ਆਪ ਕੀ ਰਜ਼ਾਏ। ਉਸੀ ਘੋੜੇ ਪਰ ਚਾਰ ਜਾਮੇ ਪਵਾਇ ਕੇ ਰਾਜਾ ਨੇ ਸ੍ਰੀ ਗੁਰੂ ਜੀ ਕੇ ਹਾਜ਼ਰ ਕੀਏ ਔ ਏਕ ਸਹਸ੍ਰ ਰਜਤ ਮੁਦ੍ਰਕਾ ਮਹਾਰਾਜ ਜੀ ਕੇ ਭੇਟ ਕਰ ਕੇ ਬਿਦਾ ਕਰਤੋ ਭਯੋ। ਬਾਬਾ ਧਰਮ ਸਿੰਘ ਤੇ ਗੁਰੂ ਸਾਹਿਬ ਸਿੰਘ ਇਸ ਪ੍ਰਕਾਰ ਸੇ ਬਿਚਰਤੇ ਹੂਏ ਅਨੰਦਪੁਰ ਕੋ ਆਵਤੇ ਭਏ। ਤਹਾਂ ਆਨੰਦਪੁਰ ਮੈ ਕੋਈ ਕਾਲ ਨਿਵਾਸ ਕੀਆ ਔ ਤਹਾ ਅਨੰਦਪੁਰ ਮੋ ਹੀ ਗੁਰੂ ਜੀ ਕੀ ਮਾਤਾ ਆਇ ਜਾਤੀ ਭਈ। ਕਿਤਨਾਕ ਸਮਾਂ ਪੀਛੇ ਆਨੰਦਪੁਰ ਮੈ ਸੰਤਹੁ ਕੀ ਮੰਡਲੀ ਆਇ ਜਾਤੀ ਭਈ। ਸੀਤ ਕਾਲ ਕੇ ਦਿਨ ਥੇ। ਸੰਧਯਾ

ਕਾ ਸਮਾਂ ਹੋ ਜਾਤੋ ਭਯੋ । ਸੰਤੋ ਕੋ ਅੰਨ ਪਾਨੀ ਨਗਰ ਮੈ ਕਿਸੀ ਨੇ ਭੀ ਨਾ ਪੁਛਯਾ । ਬਰਖਾ ਹੋ ਰਹੀ ਥੀ । ਤਬ ਦੋ ਚਾਰ ਸੰਤ ਭਿਛਯਾ ਕੇ ਲੀਏ ਆਏ ਭੀ, ਪਰੰਤੂ ਉਨਕੋ ਭਿਛਯਾ ਸਹਜ ਹੀ ਹਾਥ ਲਾਗਤ ਭਈ ਔ ਬਰਖਾ ਸੇ ਸੰਤਹ ਕੇ ਬਸਤ੍ਰ ਭੀ ਭੀਗ ਜਾਤੇ ਭਏ । ਜਬ ਸ੍ਰੀ ਗੁਰੂ ਸਾਹਿਬ ਸਿੰਘ ਜੀ ਕੇ ਘਰ ਕੇ ਸਮੀਪ ਆਏ ਤਬ ਸੰਤਨ ਕੋ ਅਪਨੇ ਘਰ ਕੀ ਡੇਵਡੀ ਮੈ ਖੜਾ ਕਰ ਕੇ ਸਮਾਚਾਰ ਉਨ ਸੇ ਪੂਛ ਕੇ ਅਪਨੀ ਮਾਤਾ ਸੇ ਬੋਲੇ । ਹੇ ਮਾਤਾ ਜੀ ! ਸੰਤਨ ਕੀ ਮੰਡਲੀ ਆਈ ਹੈ ਔ ਭੂਖੇ ਹੈਂ ਔ ਜਾਢੇ ਕਰ ਕੇ ਬੜੇ ਆਤਰ ਹੈ । ਤਬ ਸ੍ਰੀ ਗੁਰੂ ਜੀ ਕੀ ਮਾਤਾ ਨੇ ਕਹਯਾ—ਹੇ ਪੁਤ੍ਰ, ਹੈ ਤੋ ਠੀਕ—ਭਲੇ ਸਮੇਂ ਇਸ ਸਮੇ ਮੈ ਏਹੁ ਅੰਨ ਬਸਤ੍ਰ ਕੇ ਭਲੇ ਅਧਕਾਰੀ ਹੈਂ । ਅੰਨ ਭੀ ਘਰ ਮੈ ਬਹੁਤ ਹੈ, ਪਰੰਤੂ ਬਾਲਨ ਘਰ ਮੈ ਨਹੀਂ ਹੈ ।

ਤਬ ਹਜ਼ੂਰ ਨੇ ਕਹਯਾ—ਮਾਤਾ ਜੀ ! ਬਾਲਨ ਬਹੁਤ ਹੈ । ਆਪ ਅੰਨ ਬਨਾਨੇ ਕੀ ਤਯਾਰੀ ਕਰੋ । ਮਾਤਾ ਕੋ ਐਸੇ ਕਹਕੇ ਅਪਨੇ ਘਰ ਕੇ ਤਖਤੇ ਚੋਕਾਠਾਂ ਉਖਾੜ ਫਾੜ ਕੇ ਪਰਸ਼ੂ ਸੇ ਮਾਤਾ ਕੋ ਭੀ ਅੰਨ ਪਾਨ ਕਰਨੇ ਅਰਥ ਦੇਤੇ ਭਏ । ਔ ਸੰਤਨ ਕੋ ਭੀ ਧੂੰਣੀ ਤਾਪਨੇ ਅਰਥ ਦੇਤੇ ਭਏ । ਪ੍ਰਸਾਦ ਸਿਧ ਕਰ ਕੇ ਸੰਤਨ ਕੋ ਤ੍ਰਿਪਤੀ ਪ੍ਰਯਤ ਭੋਜਨ ਦੇਤੇ ਭਏ । ਸੰਤ ਪ੍ਰਸੰਨ ਹੋ ਕੇ ਆਪਸ ਮੈ ਬਚਨ ਕਰਤੇ ਭਏ—ਯੇਹ ਤੋ ਕੋਈ ਸ੍ਰੀ ਗੁਰੂ ਨਾਨਕ ਜੀ ਕੇ ਅਵਤਾਰ ਹੈ । ਐਸੇ ਏਹੁ ਬਾਲਕ ਪ੍ਰਤੀਤ ਹੋਤੇ ਹੈ । ਐਸੇ ਐਸੇ ਪ੍ਰਸਪਰ ਬਚਨ ਕਹ ਕੇ ਬਾਬਾ ਜੀ ਕੀ ਕ੍ਰਿਤ ਸੁਣ ਕੇ ਖਰੇ ਸੌਦੇ ਕੀ ਕਥਾ ਸ੍ਰੀ ਗੁਰੂ ਨਾਨਕ ਜੀ ਕੋ ਯਾਦ ਕਰ ਕੇ ਏਹੁ ਬਾਲਕ ਠੀਕ ਠੀਕ ਅਵਤਾਰੀ ਹੈ । ਪੁਰਖ ਐਸੇ ਨਿਸਚਿਤ ਕਰਕੇ ਪ੍ਰਣਾਮ ਕਰਤੇ ਭਏ । ਪੁਨਾ ਮਾਈ ਅਨੰਤੀ ਜਾਤ ਕੀ ਅਰੋੜੀ ਤਿਨ ਕੋ ਦਰਸ਼ਨ ਦੇਤੇ ਭਏ । ਤਿਸ ਮਾਈ ਕੇ ਪਾਸ ਸਾਹਿਬ ਦਸਵੇਂ ਪਾਤਸ਼ਾਹ ਜੀ ਕੇ ਹਾਥ ਕੇ ਸਰਧਾ ਪੂਰਕ ਕੇ ਗੁਟਕੇ ਥੇ । ਸੋਈ ਗੁਟਕੇ ਮਾਈ ਹਜ਼ੂਰ ਕੇ ਅਰਪਣ ਕਰਤੀ ਭਈ । ਅਪਨੇ ਘਰ ਮੈ ਪ੍ਰਸਾਦ ਭੀ ਛਕਾਤੀ ਭਈ । ਜਬ ਪ੍ਰਸਾਦ ਤਯਾਰ ਕਰਕੇ ਸਾਹਿਬ ਕੋ ਚੌਂਕੀ ਪਰ ਬਿਠਾਇ ਕੇ ਪ੍ਰਸਾਦ ਮਹਾਰਾਜ ਜੀ ਕੇ ਆਗੇ ਧਰਯੋ ਤਬ ਮਾਈ ਅਨੰਤੀ ਕੇ ਅਸਥਨੋ ਸੇ ਦੂਧ ਕੀ ਧਾਰਾ ਬਲਾਤ ਕਾਲ ਸੇ ਨਿਕਸ ਕੇ ਸ੍ਰੀ ਗੁਰੂ ਸਾਹਿਬ ਕੇ ਮੁਖਾਰਬਿੰਦ ਪਰ ਜਾਇ ਪਰਤਯਾਂ ਭਈਆਂ । ਤਬ ਤਿਸ ਮਾਈ ਅਨੰਤੀ ਕੋ ਸ੍ਰੀ ਗੁਰੂ ਜੀ ਨੇ ਬਚਨ ਕੀਆ—ਕਯਾ ਮਾਤਾ ਜੀ ! ਬਸ ਦ੍ਵਾਪਰ ਕੇ ਅੰਤ ਮੈ ਤੇਰਾ ਦੂਧ ਹਮਨੇ ਪਾਨ ਕਰ ਲੀਆ ਹੈ । ਪ੍ਰਾਨੋ ਸਹਤ ਜਬਕੇ ਤੂੰ ਕਪਟਕੀ ਮਾਤਾ ਕਾ ਵੇਸ਼ ਧਾਰ ਕੇ ਆਈ ਥੀ । ਇਸ ਪ੍ਰਕਾਰ ਕੇ ਅਨੇਕ ਅਤੀਤ ਕਾਲ ਕੈ ਔ ਭਵਿਖਯਤ ਕਾਲ ਕੇ ਵਰਤਮਾਨ ਕਾਲ ਕੇ ਅੰਤਰਯਾਮਿਤਾ ਆਦਿਕ ਅਨੰਤ ਵਚਨੋਂ ਸੇ ਪ੍ਰਗਟ ਸੰਸਾਰ ਮੈ ਹੋਤੇ ਭਏ । ਜੋ ਜੋ ਜੀਵ ਜੈਸੀ ਜੈਸੀ ਕਾਮਨਾ ਮਨ ਵਿਖੇ ਧਾਰਕੇ ਸ੍ਰੀ ਗੁਰੂ ਜੀ ਕੇ ਸਰਣਿ ਆਵਤੇ ਭਏ, ਸ੍ਰੀ ਗੁਰੂ ਜੀ ਕੀ ਸਮੀਪਤਾ ਮਾਤ੍ਰ ਸੋ ਸੋ ਜੀਵ ਤਿਸ ਤਿਸ ਕਾਮਨਾ ਕੇ ਫਲ ਕੋ ਪ੍ਰਾਪਤ ਹੋਤੋ ਭਯੋ । ਇਸੀ ਹੇਤੁ ਸੇ ਇਸ ਗ੍ਰੰਥ ਕੋ ਨਾਮ ਦੇਵਤਰੂ ਸਾਰਥਿਕ ਜਾਨ ਕੇ ਰਾਖਯੋ ਹੈ । ਜੈਸੇ ਦੇਵਤਰੂ ਨਾਮ ਕਲਪ ਬ੍ਰਿਛ ਕੇ ਨੀਚੇ ਇਸਥਿਤ ਹੋ ਕੇ ਜੀਵ ਜੈਸੋ ਸੰਕਲਪ ਕਰਤੋ ਹੈ, ਸੋ ਸੰਕਲਪ ਜੀਵ ਕਾ ਤਾਤਕਾਲ ਹੀ ਪੂਰਬ ਤਾਕੋ ਪ੍ਰਾਪਤ ਹੋਤੋ ਹੈ । ਤਦਵਤ ਸ੍ਰੀ ਗੁਰੂ ਜੀ ਕੀ ਸਮੀਪਤਾ ਸੇ ਜੀਵ ਅਪਨੀ ਭਾਵਨਾ ਕੇ ਅਨੁਸਾਰ ਫਲ ਸਿਧੀ ਕੋ ਪ੍ਰਾਪਤ ਹੋਤੇ ਹੈ ।

ਇਸ ਦੇਵਤਰੂ ਨਾਮਾ ਗੁਰ ਬਿਲਾਸ ਕਾ ਸ੍ਰੀ ਗੁਰੂ ਗੋਬਿੰਦ ਸਿੰਘ ਦਸਵੇਂ ਪਾਤਸਾਹੁ ਜੀ ਕਾ ਵਰ ਪ੍ਰਦਾਨ ਬਾਬੇ ਕਲਾਧਾਰੀ ਕੇ ਪ੍ਰਤ ਬੀਜ ਹੈ । ਮਾਤਾ ਸ੍ਵਰੂਪਾ ਦੇਵੀ ਭੂਮੀ ਹੈ, ਸ੍ਰੀ ਬਾਬਾ ਅਜੀਤ ਸਿੰਘ ਜੀ ਸੇਚਕ ਮਾਲੀ ਵਤ ਮਾਲੀ ਹੈ । ਸ੍ਰੀ ਗੁਰੂ ਸਾਹਿਬ ਸਿੰਘ ਕਾਢਵਤ ਦੇਵਤਰੂ ਕਾਂਡ ਹੈ । ਸ੍ਰੀ ਗੁਰੂ ਭਾਗ ਸਿੰਘ ਜੀ, ਬੀਰ ਸਿੰਘ ਜੀ, ਸ੍ਰੀ ਖੁਦਾ ਸਿੰਘ ਜੀ ਯੇਹ ਤੀਨੋ ਦੇਵਤਰੂ ਕੇ ਸਕੰਧ ਹੈ । ਛੋਟੇ ਸ੍ਰੀ ਬੀਰ ਸਿੰਘ ਜੀ, ਸ੍ਰੀ ਮਹਾਰਾਜ ਸਿੰਘ ਆਦਿਕ ਸਾਖਾ ਹੈ । ਸੰਤ ਸ੍ਰੀ ਪ੍ਰੇਮ ਸਿੰਘ, ਭਾਈ ਮੋਹਰ ਸਿੰਘ, ਭਾਈ ਜਮਯਤ ਸਿੰਘ, ਸੰਤ ਗੁਲਾਬ ਸਿੰਘ, ਸੰਤ ਹਰਾ ਸ਼ਿੰਘ ਆਦਿਕ ਪਰਸਾਖਾ ਹੈ । ਸੰਤ ਅਮਰ ਸਿੰਘ ਜੀ ਮਸਤ, ਸੰਤ ਹੁਕਮ ਸਿੰਘ ਜੀ, ਸੰਤ ਬੀਰ ਸਿੰਘ ਜੀ, ਸੰਤ ਰੋਡਾ ਰਾਮ ਜੀ, ਸੰਤ ਬਲ੍ਹਾ ਸਿੰਘ ਜੀ ਮਸ਼ਤ, ਸ੍ਰੀ ਮਲ ਸਿੰਘ, ਬਾਬਾ ਗੰਡਾ ਸਿੰਘ, ਸੰਤ ਲਾਲ ਸਿੰਘ ਆਦਿਕ ਇਸ ਦੇਵਤਰੂ ਕੇ ਆਸਿਰਤ ਰਹਣੇ ਹਾਰੇ ਹੰਸ ਆਦਿਕ ਪੰਛੀ ਹੈ । ਭਾਈ ਮਖਣ ਸਿੰਘ ਤੇ ਭਾਈ ਲਹਨਾ ਸਿੰਘ, ਬਖਸ਼ੀ ਰਾਜਾ ਸਿੰਘ ਆਦਿਕ ਪਤ੍ਰ ਹੈ, ਪ੍ਰੇਮ ਰਸ ਹੈ, ਭਗਤੀ ਛਾਯਾ

ਹੈ। ਵਿਵੇਕ ਫੂਲ ਹੈ, ਪ੍ਰਸੰਨਤਾ ਵਿਕਸਨੋ ਹੈ। ਰਾਜਾ ਧਿਰਾਜ ਰਣਜੀਤ ਸਿੰਘ, ਸਰਦਾਰ ਜਵਾਹਰ ਸ਼ਿੰਘ ਆਦਿਕ ਤ੍ਰਕਸਮ ਤ੍ਰ ਹੈ ਔ ਸਿਖ ਸੇਵਕ ਛਾਯਾ ਮੈ ਵਿਸਰਾਮ ਕਰਨੇ ਹਾਰੇ ਗਿਰਾ ਪਰਾ ਫਲ ਆਦਿਕ ਭੋਗਨੇ ਹਾਰੇ ਪਥਿਕ ਹੈਂ, ਸੰਤ ਸੰਗ ਇਸ ਕੋ ਆਲ ਬਾਲ ਨਾਮ ਕਯਾਰੋ ਹੈ, ਬ੍ਰਹਮਾਤਮ ਐਕਾਯ ਗਿਯਾਨ ਫਲ ਹੈ। ਮੋਛ ਤ੍ਰਿਪਤੀ ਹੈ, ਵੈਰਾਗ ਵਿਵੇਕਾਦੀ ਸਾਧਨ ਸਪੰਨ ਅਧਿਕਾਰੀ ਇਸ ਕੇ ਫਲੋਂ ਕੋ ਭੋਗਤਾ ਹੈ। ਸੰਤ ਹੀਰਾ ਸਿੰਘ ਜੀ ਸੰਤ ਸ੍ਰੀ ਤੇਜਾ ਸਿੰਘ ਜੀ ਸ੍ਰੀ ਸੇਵਾ ਸਿੰਘ ਜੀ ਇਸ ਕੇ ਪਾਲਕੇ ਹੈ, ਔਰ ਜੋ ਨਿੰਦਕ ਹੈ, ਸੋ ਨਿੰਦਾ ਰੂਪੀ ਮਲ ਕੇ ਭੋਗਤ ਭੂੰਡ ਹੈ। ਸੰਤ ਦਿਆਲ ਸਿੰਘ, ਸੰਤ ਦੇਸਾ ਸਿੰਘ ਸ਼ੇਰ ਸਿੰਘ ਆਦਿਕ ਪ੍ਰਵਰਤਕ ਹੈ। ਅਥਵਾ ਇਸ ਦੇਵਤਰੂ ਰੂਪ ਗੁਰਬਿਲਾਸਾ ਕਾ ਸਰਧਾ ਬੀਜ ਹੈ। ਵਿਸਵਾਸ ਕਾਂਡ ਹੈ, ਧਰਮ ਅਰਥ ਕਾਮ ਯੇਹ ਤੀਨੋ ਸਕੰਨ ਹੈ, ਸਸੰਤਗ ਆਲ ਬਾਲ ਹੈ, ਪ੍ਰੇਮ ਸਾਤ੍ਰ ਜਲ ਹੈ। ਭਕਤੀ ਤ੍ਰਚਾ ਹੈ, ਵੈਰਾਗ ਕੁਡਮਲ ਹੈ, ਵਿਵੇਕ ਫੂਲ ਹੈ, ਬ੍ਰਹਮਾਤਮਐਕਯ ਗਯਾਨ ਫਲ ਹੈ, ਮੋਛ ਇਛਾ ਸਾਧਨ ਹੈ, ਮੋਛ ਤ੍ਰਿਪਤੀ ਹੈ, ਸਮ ਪ੍ਰਣਯਾਮ ਔਵਾਸਨਾ ਯਾਮ ਤੀਨ ਸਾਖਾ ਹੈ। ਅਮਾਨਿਤਾ ਅਦੰਭਤਾ ਰਿਜੁਤਾ ਆਦਿਕ ਪ੍ਰਸਾਖਾ ਹੈ, ਸੰਤ ਭ੍ਰਮਰ ਹੈ। ਮਲ ਭਖਣਹਾਰੇ ਨਿੰਦਕ ਦੁਰਜਨ ਭੂੰਡਵਤ ਭੂੰਡ ਹੈ॥

ਯਥਾ ਹੀ ਸਾਸਤ੍ਰੇ॥ ਪ੍ਰਥਮੰ ਦੁਰਜਨੰ ਬੰਦੇ ਤਤ ; ਪਰੰਚ ਸ੍ਰਜਨੰ ਗੁਦਾਂ ਖਿਆਲ ਤੇ ਪ੍ਰਥਮ ;—ਤਤਾਪਰੰਵੇ ਚਾਨਨੰ। ੧।

ਟੀ :—ਪ੍ਰਥਮ ਦੁਰ ਜਨਹੁ ਸੁਸਟੋਂ ਕੂੰ ਨਮਸਕਾਰ ਕਰਤੇ ਹੈਂ ਤਿਨਸੇ ਪੀਛੇ ਸੰਤ ਜਨੋਕੁ ਪ੍ਰਣਾਮਕ ਰਤਾਹੁ॥ ਨਨੁ ਲੋਕ ਔ ਸਾਤ੍ਰ ਮੈ ਪ੍ਰਥਮ ਗੁਰੂ ਦੇਵਤ ਸੰਤ ਇਨਕੂੰ ਪ੍ਰਣਾਮ ਕਰਕੇ ਤਿਨਸੇ ਪੀਛੇ ਔਰ ਕੁ ਨਮਸਕਾਰ ਕਰਤੇ ਹੈ।

ਉਤ੍ਰ :—ਹਮ ਭਾਈ ਦੁਰਜਨੋਂ ਸੇ ਡਰਤੇ ਹੁਏ ਉਨਕੂੰ ਪ੍ਰਸੰਨ ਕਰਣੇ ਅਰਥ ਯਾਂਤੇ ਉਨਕੂੰ ਪ੍ਰਣਾਮ ਪਹਲੇ ਹੀ ਕਰਤਾ ਹੂੰ। ਜੈਸੇ ਲੋਕ ਮੈ ਪ੍ਰਸਿਧ ਹੈ। ਬਾਲ ਬ੍ਰਿਧ ਪ੍ਰਯੰਤ ਕਯਾ ਸਭ ਕੋਈ ਪ੍ਰਥਮ ਗੁਦਾ ਪ੍ਰਖਯਾਲਤੇ ਹੈ ਤਤ ਪਸਚਾਤ ਮੁਖ ਧੋਵਤੇ ਹੈ। ੧। ਜੈਸੇ ਭਾਨੁ ਉਦਿਤ ਹੂਆ ਹੂਆ ਅਪ੍ਰਗਟ ਨਹੀਂ ਰਹਤੋ ਹੈ ਤਦਵਤ ਸ੍ਰੀ ਗੁਰੂ ਸਾਹਿਬ ਸਿੰਘ ਜੀ ਪਰਮ ਪ੍ਰਸਿਧਤਾ ਕੋ ਪ੍ਰਾਂਪਤ ਹੋਤੇ ਭਏ। ਔ ਸ੍ਰੀ ਗੁਰੂ ਜੀ ਕੇ ਤਾਸ ਹੀ ਮਾਈ ਅਨੰਤੀ ਚਾਰੋਂ ਪੁਤ੍ਰ ਭ੍ਰਾਤਾ ਮਾਈ ਕਾ ਅਰਥਾਤ ਮਾਈ ਅਨੰਤੀ ਸਹਤ ਸਾਰਾ ਕੁਟੰਬ ਹੀ ਹਜ਼ੂਰ ਕੇ ਚਰਣੋਂ ਕੇ ਸਮੀਪ ਰਹਤੋਂ ਭਯੋ। ਦਸ ਪੰਦਰਾਂ ਲਖ ਕੇ ਦੇਸ ਉਪਰ ਮਾਈ ਅਨੰਤੀ ਕੇ ਪੁਤ੍ਰੋਂ ਕੋ ਤਥਾ ਤਿਸ ਕੇ ਭਗਤਾਂ ਕੁਲ ਅਖਤਯਾਰ ਦੇ ਕੇ ਰਾਜੇ ਬਨਾਇਕੇ ਭੇਜ ਦੇਤੇ ਭਏ। ਮਾਈ ਅਨੰਤੀ ਕਾ ਪੀੜਾ ਸ੍ਰੀ ਗੁਰੂ ਜੀ ਕੇ ਪ੍ਰਯੰਕ ਕੇ ਆਗੇ ਦਹਣੇ ਭਾਗ ਮੈ ਬਿਛਾ ਰਹਤਾ ਥਾ। ਬਡਯਾਂ ਸੰਗਤਾਂ ਆਵੈਂ ਔ ਮਹਾਰਾਜ ਜੀ ਕੇ ਹਜ਼ੂਰ ਕਾਬਲ ਕੰਧਾਰ ਗਜਨੀ ਬਲਖ ਬੁਖਾਰਾ ਸਿੰਧ ਸਿਕਾਰਪੁਰ ਆਦਿਕ ਦੇਸ਼ੋਂ ਕੇ ਲੋਕ ਆਵੈ ਔ ਪਦਾਰਥੋਂ ਕੇ ਬਡੇ ਬਡੇ ਢੇਰ ਹਜ਼ੂਰ ਕੇ ਆਗੇ ਲਾਗ ਜਾਵੈਂ। ਕਿਸੀ ਕਿਸੀ ਵੇਲੇ ਮਾਈ ਅਨੰਤੀ ਇਤਨਾ ਬਚਨ ਕਹ ਦੇਵੇ। ਕਯਾ ਬਾਵਾ ਬਾਵਾ ਗਰੀਬਾਂ ਕਾ ਪੇਟ ਅਤਯੰਤ ਨਾ ਭਰਣਾ ਚਾਹੀਯੇ ਤਬ ਮਾਈ ਕੇ ਬਚਨ ਸੁਣ ਕੇ ਸਾਹਿਬ ਨੇ ਕਹਣਾ ਕਿਉਂ ਮਾਈ ਕਿਉਂ ਪੁਨਾ ਮਾਈ ਨੇ ਕਹਣਾ ਕੇ ਗਰੀਬ ਕਾ ਅਤਯੰਤ ਪੇਟ ਭਰਣੇ ਕਰਕੇ ਤਿਸ ਸੇ ਬਿਕਾਰ ਪੈਦਾ ਹੋਤੇ ਹੈ। ਯਾਂ ਤੇ ਗਰੀਬ ਗਰੀਬ ਨੂੰ ਪੇਟ ਅਤਯੰਤ ਭਰਣੋ ਅਨੁਚਿਤ ਹੈ ਇਸ ਪ੍ਰਕਾਰ ਸੇ ਮਾਈ ਅਨੰਤੀ ਕੋ ਮਾਈ ਕੇ ਸਹੋਦਰੋਂ ਕੋ ਔ ਮਾਈ ਕੇ ਪੁਤ੍ਰੋਂ ਕੋ ਬਡੋ ਪ੍ਰਜਵਲਤ ਪ੍ਰਚੰਡ ਤੇਜ ਵਾਰੋ ਨਰ ਹੁਕਮ ਸ੍ਰੀ ਗੁਰੂ ਸਾਹਿਬ ਸਿੰਘ ਜੀ ਕੇ ਘਰਾਣੇ ਮੇਂ ਹੋਤੋ ਭਯੋ।

ਦੋਹਰਾ :—ਜਲ ਚਰ ਥਲ ਚਰ ਜੀਵ ਜਿਹ ਜਪਤ ਜਾਪ ਬ੍ਰਹਮੰਡ।
ਬਯਾਪੀ ਅਨਕ ਅਕਾਰ ਇਕ ਅਨੁਭਵ ਰੂਪ ਅਖੰਡ।

ਓਂ ਤਤਸਤ

ਇਤਿ ਸ੍ਰੀ ਯੁਤ ਬੀਰ ਮ੍ਰਿਗੇਸ਼ ਪ੍ਰਕਾਸ਼ ਦੇਵਤਰੂ ਗੁਰ ਬਿਲਾਸੇ ਪ੍ਰਥਮ ਸਕੰਧੇ ਸ੍ਰੀ ਸਾਹਿਬ ਸਿੰਘੇ ਪਖਯਾਨੇ ਮਾਈ ਅਨੰਤੀ ਪ੍ਰਸੰਗ ਵਰਨਨੰ ਨਾਮ ਦ੍ਵਾਦਸ਼ੋ ਅਧਯਾਯ।

# *Guru Nanak's Family's Importance with Sikh Community.*

(by Shri Hazur Baba Madhusudan Singh Bedi)

There are great sentiments attached to Guru Nanak, whose name we worship even today. We worship his teachings ('Bani' uttered by him) every places, trees, stones, that he may have touched or sat on or under. They have all become auspicious for us. In his name we pray, and desire, our desire becomes fulfilled. But—have we ever bothered about his blood relations. There are some who thought he never married, had no sons, and when told they bow their head in respect.

There are existing Sants, Mahants, and other so called self stylen religious heads. Our illiterate masses have no creatarian to follow. they just see a man shaply dressed, with round turbans on head with a rousary in hand and they consider it enough to be a holy man nnd respected. They stand cheated and they run out. Its not their fault, their parents or the holy they come accross have never trained them as such.

Guru Nanak is supream and his family members, his blood can never be otherwise, They can never be cheated by this pure Bedi class. You must have seen in the geological table in this 'Ajuni' Baba Qala Dhari who was in Guru Gobind Singh's tune and the Guru always depended upon him with faith, because at parting times Guru Gobind Singh Ji always blessed upon Baba Qala Dhari with Rupees five hundred in cash, a horse and clothes as a mark of respect, considering him son of Guru Nanak. his worship.

His grand son Shri Hazur Baba Sahib Singh becama venerable Patrcarck of Sikh Nation; He was considered to be Guru Gobind Singh Ji having come himself; Some believe it and others do not consider him in anyway lesser. If seed of Sikhism was sown by Guru Gobind Singh Ji, He, Baba Sahib Singh Ji nurished it, witn his position, he brought round Sardar's of all Misals on oneness, and under his leadersdip was able to turn out the Mughals from the Punjab and thus creat a Sikh Raj by placing on 13th day of April 1801 (Baisakhi Day) his 'Sewak' Ranjit Singh on thrown of Punjab.

His son, Shri Hazur Baba Bikrama Singh Bedi, in whose name this 'Ajuni' Magzine is being dedicated was in no way less in Position. It was his position that he in the year 1844 placed Maharaja Sher Singh on thrown of Punjab in Lahore and declared him as Maharaja. It was he who cared not what will happen to him, his state (comprising of 117 villages), his bonour and prestegise by opposing the British and siding with the Motherland or the Sikh Nation then. He lost and slaved all



ਦਰਬਾਰ (ਸਮਾਧੀ ਅਸਥਾਨ) ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ ਬੇਦੀ—ਗੁਰੂ ਨਾਨਕ ਪਾਤਸ਼ਾਹ ਦੀ ਅੰਸ ਵਿਚੋਂ ੧੨ਵੀਂ ਜਗ੍ਹਾ, ਜਿਥੇ ਆਪ ਨੇ ੧੪ ਸਾਲ ਨਜ਼ਰਬੰਦੀ ਵਿਚ ਕਟੇ। ਇਥੇ ਹਰ ਸਾਲ ਅਖੰਡ ਪਾਠ ਰਖਵਾ, ਸੰਗਤਾਂ ਆਪ ਦੀ ਬਰਸੀ ਮਨਾਉਂਦੀਆਂ ਹਨ।



ਦਰਬਾਰ ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ ਬੇਦੀ ਦਾ ਇਕ ਪਾਸਾ ਜਿਥੇ ਪੂਰੀ ਤਸਵੀਰ ਸ੍ਰੀ ਬਾਬਾ ਸਾਹਿਬ ਸਿੰਘ ਜੀ ਦੇ ਦਰਬਾਰ ਦੀ ਬਣੀ ਹੋਈ ਹੈ ਜਿਸ ਵਿਚ ਕੁਝ ਮਹਾਤਮਾ ਅਤੇ ਮਹਾਰਾਜਾ ਰਣਜੀਤ ਸਿੰਘ ਨੂੰ ਦਿਖਾਇਆ ਗਿਆ ਹੈ। ਆਪ ਜੀ ਦੀ ਬਰਸੀ ਸਮੇਂ ਬਾਬਾ ਮਧੁਸੂਦਨ ਸਿੰਘ ਜੀ ਦੀ ਹਾਜ਼ਰੀ।



ਬਰਸੀ ਬਾਬਾ ਬਿਕ੍ਰਮਾ ਸਿੰਘ ਜੀ ਸਮੇਂ ਯਾਤਰਾ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ।



ਮੰਜੀ ਸਾਹਿਬ ਅੰਮ੍ਰਿਤਸਰ ਬਰਸੀ ਵਾਲੇ ਦਿਨ ਬਾਬਾ ਮਧੁਸੂਦਨ ਸਿੰਘ ਜੀ ਸੰਗਤਾਂ ਪ੍ਰਤੀ ਉਪਦੇਸ਼ ਦਿੰਦੇ ਹੋਏ।

he possessed for the Mother land and the community and preferred living in exile for 14 years tili his death.

The Historians have not so far paid much attention to such members of great importance amongst the Guru Nanak's family. Their position was due to birth in the family and respects shown by the masses, who obayed the commandent as that of their Guru, the result was Sikh Raj. Now we are hankering after by elections and have miserably failed. We are todav a leaderless society and religious or political societies we exploiting our masses to their own end. Its all due to the fact that true sons of Guru Nanak's family, blood relations are being ignored on flimzy grounds. I have placed this issue before the public with true copies of some letters to show how Baba Bikrama Singh true son of Guru Nanak suffered for our cause i. e. indipendence.

Has anyone raised his head for this forgotten leader ? Has any leaders of ours paid any respect to him, may he be a Congress man or an Akali ? If not, why ignore truth. Adopt truth if you want to exist with honour. Nothing to beat Guru Nanak's blood relations who are born (Babas) leaders to lead the masses on to him, one ness, and comford.

ਤਿਨ ਬੇਦੀਅਨ ਕੀ ਕੁਲ ਵਿਖੇ ਪ੍ਰਗਟਿਓ ਨਾਨਕ ਰਾਏ
ਸਭ ਸਿਖਨ ਕੋ ਸੁਖ ਦੀਓ ਜਹ ਤਹ ਭਏ ਸਹਾਏ ॥

'Its a 'Suraj Bans', come to give light, which when kridled shall repeat History. I bow my head, in respect to Guru Nanak end his family in peitrceil as Sh. Hazur Baba Bikrama Singh Ji, who had dedicated their lives till today for a good cause only and that is service in one way or other.

Notes as submitted for printing in book to be undertaken by Punjabi Vuiversity "Freedom Struggle—Who's—Who. (Punjab)".

# Freedom Struggle 'Who's Who's' (Punjab)

| | | |
|---|---|---|
| 1, | Name | Shri Hazur Baba Bikrama Singh Bedi. |
| 2, | Parentage | Father—Shri Hazur Baba Sahib Singh Bedi.<br>Mother—Shrimati Partap Kaur. |
| 3. | Date and place of birth | 27 'Phagun' Samat 1869.<br>Village Nurpur Bedi—Tehsil Una Distt. Hoshiarpur. |
| 4. | Where educated | Not known, |

| | |
|---|---|
| 5. (i) When joined liberation Movement | Insurrection Movement of Jullundur Doab—1848-49, lead by himself, |
| (ii) Services rendered | He was the organiser of the movement and after his defeat in Jullundur Doab joined the Sikh War of 1848 and he was the organiser, who at a Sikh meeting to lay arms stressed upon to fight to last man to keep his mother land free of foreign yoke. (Ref. "Punjab Poineers Freedom Fighters" by S. Kirpal Singh Sikh History Research Dept., Khalsa College, Amritsar. |
| (iii) Sufferings under-gone. | 1862. Letters which given details of his achievements copies are enclosed herewith :— |
| (a) Cases No. under sec. Date and year of arrest and judgement. Movement in connection with which arrested/punished/convicted. | (i) Para No. 1 of letter No. 296 dated 4-12-1862 from Commissioner and Superintendent Trans Sutlej state, Jullundur to Financial Commissioner, Punjab. |
| | (ii) Letter No, 539/ dated 28th Dec., from Secretary Government of India Foreign Dept., 1864. |
| | (iii) Letter Dated 25th Feb., 1850 from officiating Secretary of the Board of Administration to the Commissioner and Superintendent Trans Sutlej State. |
| | (iv) Copy of Appendex 'A' No. 13 of report on administration of Annexure on area between Sutlej and Beas by J. Lawrence Commissioner and Superintendent, Jullundur Doab addressed to the Governor General No. 99 dated 7th May, 1846. |
| | (v) Translation copy of letter from Raja Sher Singh and Sardar Lal Singh Muraria to Sodhi Panj Sarkar (Anandpur Sahib) and Baba Bikrama Singh as is mentioned in S. C. 30-12-48 : 112 in Director, office, New Delhi. which shows clearly that the rebelsion was for turning out frangees. |
| (b) Sentence awarded and undergone | He possessed 117 villages in Tehsil Una with H. Q. at Una giving a clear animal income of over rupees two lacks. All this estate was confiscated his forts and houses at Una-Guna-Chaur, Nurpur Bedi were brought to ashes He refused to accept any jagir for his loyalty to British & prepared to live in Survellence at Amritsar till his death on 27-8-1862. |

| | | |
|---|---|---|
| (c) | Prisons in which confixed | Lived in Survellence in Amritsar. |
| (d) | Date of Death | 26th August 1862. |
| (e) | Any other matter of note deserving special | He was direct decendent of Guru Nanak Dev Ji. His table was as under :— |

Guru Nanak Dev Ji
- Baba Shri Chand
- Baba Lakshmi Dass
  - Baba Dharam Chand
    - Baba Manak Chand
      - Baba Dattar Chand
        - Baba Harkaran Chand
          - Baba Nihal Chand
            - Baba Qala Dhari
              - Baba Jit Singh
                - Shri Hazur Baba Sahib Singh Bedi
                  - Baba Bisha Singh Ji
                    - Baba Uttar Singh Ji
                      - Baba Khem Singh Ji K C. I. E.
                  - Baba Teg Singh Ji
                  - Shri Hazur Baba Bikrama Singh

and belonged to a family about which Principal Teja Singh Ex. Principal Khalsa College write as under :—

"Baba Sahib Singh was one of the greatest figures in Sikh History; a moulder of the Sikh Nation, especially in the hey-day of the Sikh Kingdom, in the building of which he had a great hand. But for him and his able guidance even the great Maharaja would not have achieved those heights which made him shine in the darkest days of Indiau Hisrory."

You find mention of this family in "Punjab Chief" by Massy and "Hoshiarpur District Gass "In Punjab Chiefs" about Shri Hazur Bedi Bikrama Singh is mentioned as under :—

"Bedi Sahib Singh died in 1834. His eldest son Bishan Singh. had, in his father's life time taken up his abode at Malsian, Jullundur—Bikrama Singh third son succeeded his father in the bulk of the aquained property and on him also decended the spiritual mentle as representative of Baba Nanak between the Sutlej and Beas. His position was recognised at Lahore. But things changed with the advent of British. The Jagirs were resumed. A consolidated Jagir, valued at Rs. 31212 per annum in liev of all claims, was offered and indignautly refused. The Govt., had grounds for blieving in Bedi Bikrama Singh's disloylty and other proofs were present of his readiness to rebel the first offer was modified and Rs. 12000/- was also refused by him as was the large sum. Then came the local rebellion of 1848-49 The rising was speedgly put down by John Lowrence. They were espatricted and then possessions confiscated."

As explained above after first Sikh war in 1846 Jullundur Doab Came under British. As mentioned above it was in call from Sikh Darbar to moblise, rebel and join Sikh forces to turn out Frangees (British) from Hindustan. And in response Bedi Bikrama Singh took the lead. His leadership is mentioned in letter No. 500 dated 18-7-1889, from Secretary to Government Punjab, who wrote as under :—

"These three Katoch Jaswan and Datarpur were led into revolt mainly by the influence of Bedi Bikram Singh as Sikh priest and great jagirdar in the low hills, who was bitterly hostile to British Govt. He later on writes, the circumstances of the time called for an examplary punishment. as it was necessary to prove to the people of the Punjab that rebelllion was much more serious offence under British, then it had been under Sikh rule.

Family of Shri Hazur Baba Bikrama Singh was considered always by the British as rebel family and policy laid down by the British was as expressed in letter No. 539/539 datəd 28-12-1864,

"Such are the antecedents of this influential family which has been reduced to poverty, it is true that their misconduct (explained above) has been the cause of their degradation

but it appears to the Lt. Governor desirable on political grounds that the representative of this family. should be raised above poverty as to be able to lead an easy and contented life in dependence on Government."

As such the family to date remained dependent and was released from yoke of Court of Wards in 1966. The present head of this Nationalist family of importance Shri Hazur Baba Madhosudan Singh Bedi—still lives in ruine of Una Fort and carries on his duties to Sikh relegious house as before, with no help from the present Nationalist Government either.

6. Present Address. The present leader's address is as undert:—

Shri Hazur Baba Madhsudan Singh Bedi.
Fort Bedi Sahib.
P. O. Una, Distt. Hoshiardur.

Attested by
Shri Hazur Baba Madhsudan Singh Bedi,

Copy of letter dated the 2?th Feby., 1850 from The Officiating Secretary of the Board of Administration, address to The Commissioner and Superintendent, Trans Sutlej State, Lahore,

Sir,

General Depot by Director of J Lawrence Esl. Member.

The Board understands that when Bedi Bikrama Singh of Una, in the Jullundur Doab rebelled in 1847 and after his defeat fled across the Beas aud joined Sher Singh his fort and houses and house of his Chief followers were all destroyed with the exception of those marginally noted,

1. Mausoliem of the Bedis ancestors a very splendid building.
2. House of the Bedi's mother.
3. The house of his uncle Kahn Singh an old man of 70, who is lately dead.
4. That of Asa Singh the Bedi's chief Officer.

2. It is also understood that Bedi's mother wishes to return and reside at Una with the Bedi's wife and two sons with whom the Bedi has quarrelled and that you see no objection to her doing so. This being the case, the Board direct that you will be good enough to cause the mausoleum and the house which is known as belonging the Bedi's mother to be made over to that lady who has been informed of this arrangement.

The Board are also pleased to direct that the house belonging to Bedi Kahn Singh be released in favour of his son, but that of Asa Singh is to remain confiscated.

I have etc.
Sd/- H: V. Burn.
Officiating to the Board.

Lahore
The 27th February, 1850.

# *Copy of Letters recieved from Director Arcties New Delhi*

**For Deptt. Pel. Cons. 31 Dec. 1847 No. 2213**

No. 41 of 1847

From : John Lawrence Esquire,
Commissioner and Suprintendent, Trans-Sutlej States.

To :
Sir Federic Currie Bazonet,
Secretary to the Government of India
with the Governor General.

Dated Camp Gurhshuntier 8th March 1847.

Sir,

I have the honour to submit a statement of Jageers in this Territory which are chiefly held by Bedie Bikruma Singh of Onah and his dependants. The Bedies possessions cannot fall short of 2 lacs of revenue tho it is difficult to estimate their income a large portion of it being paid in grain. The greater part of these Jageers he and his father Saheb Singh have from time to time seized from weaker Chiefs and for few of them he holds any sunnuds.

Under a strict interpretation of the rules laid down in your letter No. 78 dated 23rd ultimo, the Bedie should lose all Jageers for which he does not possess sunnuds of Maharajas Runjit Singh. Khurruck Singh or Shere Singh, for his occupancy of all are but of comparatively recent date, and he has not even the claim of primogeniture in his favour. On the death of his father some 12 years ago, he thro' his intrigues managed to set aside his elder brother and obtain possession of the paternal Jageers. That Brother is since dead and his granbson the rightful here is in possession of a small maintenance. It is right that I state these facts, that Government may be in possession of true circumstances of the case.

I have the honour to be
Sir

Commissioner's Office,
Trans Sutlej States
Camp Gurhshunker
8th March 1847.

Your most obedient servant
Sd/- John Lawrence:

**For. Deptt. Pol. 31 Dec. 1847 No. 2248**

No. 133 of 1847

From. John Lawrence Esquire,
Commissioner and Suprintendent
Trans Sutlej States.

To : H.M. Elliot Esquire,
Secretary to the Government of India
with the Governor General.
Dated Camp Hoshyarpoor 16th July 1847.

Sir,

1. I have the honour to acknowledge the receipt of your letter of 209 and dated the 26th ultimo, and in reply to inform you that from the enquires I have instituted, it appeors that Badie Bikruma Singh has jageers worth 10,000 rupees per annum in the Lahore Territory. He is also said to be possessed of considerable wealth; his father and himself having during a course of years amassed much money. On the other hand it is reported that in the struggle between the Bedic and his nephew Uttur Singh for supremacy (which ended in the death of latter in a pitched battle) he expended large sums. There can be no doubt however that Bedi Bikruma Singh has ample means of subsistence, independent of his Jageers in this territory.

2. The Jageers released to Bedi Bikrum Singh and his cousin Kahn Singh, are as follows. To Bedic Bikram Singh, estates worth Rs. 33, 700 subject tc annual payment of ¼ to Kahn Singh, his cousin, estates worth 10,000 rupees subject to an annual payment of ¼. The clear rental therefore of the family is rupees 32,775 per annum.

3. On the receipt of the orders of the 3rd June regarding the Bedie Jageers I wrote communicating the decision of Government and stated that, strictly speaking, he was bound to account for the assets of the current harvest, for these Jageers to which his title was deemed invalid, but that I would limit my demand to ¼ revenue with reference to the general orders of Government, on such Jageers, as well held in liew of service and that the resumption would only have effect from the ensuing crop. Thus treating him most liberally.

4. On the 10th Asar (22nd June) Bedie Bikruma Singh wrote me a letter, that he had been apprized of the orders of Government, resuming certain estates and releasing others and added, "this is of no consequence—I have no doubt but that you wrote in my favour but we both have no remedy for the orders of Government. I have always obeyed all orders—but certain designing persons have thrown doubts into your mind regarding my having warlike—stores buried in Onah. I therefore wrote to say that I give up every thing. I resign Onah, Siloh and Tilhuttee. I have no means of paying 22, 250 rupees which you claim, I beg you will realise it from these estates. I am a Faqueer, whatever I have collected, I have collected, I have spent. People say I am rich, but this is not the case—what has happened, has happened, I now wish to retire apart and employ myself in devotion. I beg therefore you will allow me to live where I like and not permit any one to annoy me. I want no estates My thoughts are to religion.

5. On receipt of this letter, which arrived on the 29th of June I told his Vaquil d to Onah and inform his master that I would communicate his wishes to Government, but that I was of opinion, that the course he was pursuing was not a wise one and could only have an unpleasant termination that I was about to start for Hoshyarpoor and would give him 8 days to reconsider his letter. His vaquil arrived this

morning with a second letter. dt. 14th July in which the Bedie repeats his former sentiments, and asks for leave to go among his disciples and devote himself to religion, leaving his servants to look after his personal property and that when required, he will return.

